# ਰੰਗਸ਼ਾਲਾ

# ਰੰਗਸ਼ਾਲਾ

(ਗ਼ਜ਼ਲ ਸੰਗ੍ਰਹਿ)

**ਰਾਜਵੰਤ ਸਿੰਘ ਬਾਗੜੀ**

**ਚੇਤਨਾ ਪ੍ਰਕਾਸ਼ਨ**

**ਪੰਜਾਬੀ ਭਵਨ, ਲੁਧਿਆਣਾ**

***Rangshala***

***Ghazals by***


**Rajwant Singh Bagri** ©
13525 78A Ave
Surrey Bc V3W 2Y2
CANADA
Ph: 778-895-4891
Email : rajwant_bagri@hotmail.com
http://www.facebook.com/rajwant.s.bagri



**ISBN : 978-93-82851-82-0**

**Rs. 150/-**

**2013**

*Printed and Bound In India*

*Published by:*

**Chetna Parkashan**

PUNJABI BHAWAN, **LUDHIANA** (Pb.) INDIA
Ph. 0161-2413613, 2404928, Website: www.chetnaparkashan.com
E-mail: chetnaparkashan@sify.com, chetnaparkashan@gmail.com
**Sub Off.:** Qila Road, Opp. Bus Stand, **KOTKAPURA** (Pb.) INDIA
Ph.: 95011-45039

Printer : R.K. Offset, Delhi


*


All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

## ਸਮਰਪਣ

ਆਪਣੇ ਮਾਤਾ ਪਿਤਾ
ਕਰਮ ਸਿੰਘ ਬਾਗੜੀ ਅਤੇ
ਗੁਰਮੇਜ਼ ਕੌਰ ਬਾਗੜੀ
ਦੇ ਨਾਮ

## ਤਤਕਰਾ


| | | |
|---|---|---|
| ਰੰਗਸ਼ਾਲਾ ਦੇ ਰੰਗਾਂ ਦੇ ਰੂਬਰੂ | *-ਕ੍ਰਿਸ਼ਨ ਭਨੋਟ* | 9 |
| ਸਵੈ ਕਥਨ | *-ਰਾਜਵੰਤ ਸਿੰਘ ਬਾਗੜੀ* | 15 |
| ਖੰਭ ਤੇ ਪਰਵਾਜ਼ | *-ਚਰਨ ਸਿੰਘ (ਕੈਨੇਡਾ)* | *18* |
| ਕੋਇਲ ਦੀ ਕੂਹੂ ਕੂਹੂ | *-ਇੰਦਰਜੀਤ ਸਿੰਘ ਧਾਮੀ* | *20* |
| ਥਿਰਕਦੀ ਹੈ ਤਾਲ ਤੋਂ | ............... | 21 |
| ਮੇਰੀ ਝੋਲ਼ੀ ਭਰੇ ਅੰਗਾਰ | ............... | 22 |
| ਫਿਰ ਤੋਂ ਤੇਰੀ ਤਸਵੀਰ ਦਾ | ............... | 23 |
| ਦੋਸਤਾ ਤੈਨੂੰ ਮੁਬਾਰਕ | ............... | 24 |
| ਮੈਂ ਤੇ ਬਿਰਹੋਂ, ਜਾਗੇ ਰਾਤਾਂ | ............... | 25 |
| ਪਰ ਗਵਾਏ ਆਪਣੇ ਤੂੰ | ............... | 26 |
| ਲਿਖਾਂ ਮੈਂ ਜਦੋਂ ਵੀ | ............... | 27 |
| ਲਾਚਾਰ ਬੇਟਿਕਾਣਾ, ਤੇ ਬੇਸਹਾਰਿਆਂ ਨੂੰ | ............... | 28 |
| ਬੁਲਬੁਲੇ ਦੇ ਸੰਗ ਦਾ, ਐਵੇਂ ਭਰੋਸਾ | ............... | 29 |
| ਪੈੜ ਗੋਰੇ ਰੰਗ ਦੀ, ਰਾਹਾਂ ਲੁਕੋਈ | ............... | 30 |
| ਉੱਡਦਾ ਹੈ ਜੋ ਪਰਿੰਦਾ ਪਰਬਤਾਂ | ............... | 31 |
| ਪੁੰਨਿਆਂ ਦਾ ਚੰਨ ਪੁੱਛੇ, ਤਾਰਿਆਂ | ............... | 32 |
| ਸੋਨ ਚਿੜੀ ਰੁੱਖ ਉੱਤੇ ਬਹਿ ਕੇ | ............... | 33 |
| ਵੇਦਨਾ ਦੀ ਕਰ ਮੁਸ਼ੱਕਤ, ਮੈਂ ਕਮਾਈ | ............... | 34 |
| ਇਕ ਜਨਾਜ਼ਾ ਲੈ ਤੁਰੇ, ਤੇ ਇਕ ਜਲ਼ਾ | ............... | 35 |
| ਹਾਦਸਾ ਦਰ ਹਾਦਸਾ, ਹਰ ਮੋੜ ਤੇ | ............... | 36 |
| ਕਰਨੀ ਜਫ਼ਾ ਵੀ ਆ ਗਈ, ਲਾਰੇ ਵੀ | ............... | 37 |
| ਰੋੜੀ ਸੜਕ ਤੇ ਕੁੱਟ ਕੇ, ਜਦ ਪੇਟ | ............... | 38 |
| ਜ਼ਿੰਦਗੀ ਅਪਣੀ ’ਚ ਖ਼ੁਦ ਹੀ, ਜ਼ਹਿਰ | ............... | 39 |
| ਚਾਰ ਦਿਨ ਦੀ ਜ਼ਿੰਦਗੀ ਹੈ ਚਾਰ ਦਿਨ | ............... | 40 |
| ਮਿਟ ਗਏ ਕੁਛ ਫਾਸਲੇ, ਕੁਛ ਹੋਰ | ............... | 41 |
| ਕਲਮ ਤੇਰੀ ’ਚ ਭਾਵੇਂ, ਵੱਸਦੀ | ............... | 42 |

ਇੰਝ ਸੜਿਆਂ ਕੋਰਿਆਂ ’ਤੇ, ਛਾ ਗਏ .............. 43
ਕੱਦ ਮੇਰਾ ਆਪਣਾ ਹੀ, ਰੀਝ ਦੇ .............. 44
ਹੋਰ ਸੀ ਇਨਸਾਨ ਜਿਹੜਾ ਹੋਰ ਕੀਤਾ .............. 45
ਪਈ ਨਾ ਖੈਰ ਕਿਧਰੋਂ, ਮੇਰੀਆਂ ਦਰਵੇਸ਼ .............. 46
ਧਰਤ ਨੂੰ ਬਣਾ ਦੇਣਗੇ ਨਰਕ ਲੋਕੀ .............. 47
ਜਗ੍ਹਾ ਆਪੇ ਸ਼ਮਾਂ, ਆਪੇ ਬੁਝਾਵੇ .............. 48
ਅੰਦਰ ਹੀ ਅੰਦਰ ਬਲ਼ ਰਹੇ, ਉਪਰੋਂ ਤਾਂ .............. 49
ਫੁੱਲਾਂ ਸੰਭਾਲ਼ੀ ਸੁਰਤ ਜਦ, ਆਲਾ ਦੁਆਲਾ .............. 50
ਮੈਂ ਆਮ ਇਕ ਇਨਸਾਨ ਹਾਂ .............. 51
ਢੋ ਰਿਹਾਂ ਕਲਬੂਤ ਮੈਂ, ਪਰ ਹਯਾਤੀ ਲਾਪਤਾ .............. 52
ਉਸ ਨੂੰ ਨਿਮਾਣਾ ਜਾਣ ਕੇ, ਖਿੱਲੀ ਉਡਾ .............. 53
ਹੋਂਦ ਮੇਰੀ ਹੈ ਟੁੱਟਿਆ ਤਾਰਾ .............. 54
ਮਹਿੰਗੀ ਵਿਕਦੀ ਰੋਟੀ ਹੈ, ਮੌਤ ਵਿਕੇਂਦੀ .............. 55
ਮਹਫਿਲ ਤੇਰੀ ਆਵਾਂਗੇ, ਸ਼ਰਤ ਜੋ ਪੂਰੀ .............. 56
ਚੌਗਿਰਦੇ ਵਿਚ ਮਸਤੀ ਖੇੜਾ .............. 57
ਮਨ ਵੀਣਾ ਕੁਛ ਐਸੀ ਵੱਜੇ .............. 59
ਤੋੜ ਕੇ ਨਾ ਜੋੜ ਤੂੰ, ਮੈਂ ਟੁੱਟਿਆ ਹੀ .............. 61
ਚਲੇ ਆਈ ਹੈ ਚੜ ਕੇ, ਇਹ .............. 62
ਐਵੇਂ ਨ ਸੱਚ ਬੋਲ ਕੇ,,ਗਲ਼ ਪਾ .............. 64
ਉਖੜੀ ਪਈ ਹੈ ਦੇਰ ਤੋਂ ਇਹ ਤੋਰ .............. 66
ਇਹ ਸਰਦਲ ਸੁੰਨ੍ਹੀਂ ਉਡੀਕੇ, ਮੁਸਾਫਰ .............. 67
ਤਾਲ ਅਪਣੀ ਤੇ, ਨਚਾਇਆ ਯਾਰ ਨੇ .............. 68
ਉੱਡਦੇ ਪੰਛੀ ਦਾ ਸਾਇਆ, ਜੇ ਫੜੇਂ ਤਾਂ .............. 69
ਤੁਸੀਂ ਆਖਦੇ ਹੋ, ਇਹ ਪਾਰਾ .............. 70
ਰੰਗ ਅਪਣਾ ਦੇਹ ਕਿਸੇ ਨੂੰ, ਲੈ ਕਿਸੇ .............. 72
ਮੁਹੱਬਤ ਦੀ ਕਹਾਣੀ ਨੇ, ਕਿਨਾਰਾ .............. 73
ਸੁਰਾਂ ਦੇ ਵਿਚ ਦੀ ਢਲ ਕੇ, ਗ਼ਜ਼ਲ .............. 74
ਖੁਦ ਮੁਸਾਫਿਰ ਰੱਖਦੇ ਜਦ, ਮੰਜਿਲਾਂ .............. 75
ਗ਼ਜ਼ਲ ਦਾ ਰੂਪ ਧਰ ਕੇ, ਇਕ ਤੇਰਾ .............. 76
ਗਮਾਂ ਨੂੰ ਪੀਣ ਦਾ, ਕੋਈ ਕਿਤੇ .............. 77
ਜੋ ਜ਼ਿੰਦਗੀ ’ਚੋਂ ਗਵਾਇਆ .............. 78
ਜਿਵੇਂ ਮੇਘਾਂ ਨੂੰ ਸਾਗਰ ਨੇ, ਦਰਾਂ .............. 79
ਬਲ਼ ਰਹੇ ਸੂਰਜ ਨੇ ਆਖੀ, ਵੇਦਨਾ .............. 80
ਕਦੇ ਹੱਸੇ ਕਦੇ ਰੋਏ ਗ਼ਜ਼ਲ ਰਾਹੀਂ .............. 81
ਦੋਸਤਾ ਜ਼ਜਬਾਤ ਸਾਨੂੰ, ਆਪਣੇ .............. 82
ਨਸ਼ਾ ਬਣ ਕੇ ਨਾ ਲਗ ਜਾਵੀਂ, ਜਵਾਨੀ .............. 83
ਸਮੇਂ ਦੀ ਮਾਰ ਦੇ ਅੱਗੇ ਸ਼ਰਾਫਤ .............. 84
ਨਿਰਬਲਾਂ ਦੀ ਹੋਂਦ ਤੇ, ਬਲਵਾਨ .............. 85
ਰੁੱਖੀ ਮਿੱਸੀ ਖਾ ਕੇ ਲੋਕੀ .............. 86
ਹੋਇਆ ਕੀ ਜੇ ਪਲ ਦੋ ਉਧਾਰੇ .............. 88
ਮਾਤਮੀਂ ਹਾਲਾਤ ਹੁਣ ਦੇ, ਪੱਥਰਾਂ ਦੇ .............. 89
ਫਜ਼ਾ ਵਿਚ ਜ਼ਲਜਲੇ ਏਨੇਂ, ਕਰੇ ਤਾਂ .............. 90
ਉਸ ਨੇ ਤਾਰ ਮੁਹੱਬਤ ਦੇ, ਹੋਰ ਕਿਤੇ .............. 91
ਅੱਖ ਹੈ ਹੰਝੂ ਵਹਾਉਂਦੀ, ਸੁਪਨਿਆਂ .............. 92
ਜਦ ਅਸੀਂ ਪਰਦੇਸ ਦੀ ਧਰਤੀ ਕਦਮ .............. 93
ਬੋਲੇ ਜਦੋਂ ਬਬੀਹਾ, ਸਾਵਣ ਦੀ .............. 94
ਏਸ ਘਰ ’ਚੋਂ ਲੋੜ ਹੈ, ਕੁਛ ਓਸ ਘਰ .............. 96
ਮੇਰਾ ਇਹ ਸੰਸਾਰ ਨਹੀਂ ਹੁਣ .............. 97
ਇਹ ਲੋਹੇ ਦੀ ਇਮਾਰਤ ਹੈ .............. 98
ਇਰਾਦੇ ਤਾਂ ਅਪਣੇ ਉਜਾਗਰ ਕਰੋ ਹੁਣ .............. 99
ਬੇਖੁਦੀ ’ਚ ਸਦਾ ਗੁਣਗੁਣਾਉਂਦਾ .............. 100
ਦਿਲ ਤਾਂ ਨਹੀਂ ਸੀ ਫਿਰ ਵੀ ਅਸੀਂ ਮੁਸਕੁਰਾ .............. 101
ਜੀ ਭਰ ਕੇ ਤੂੰ ਤਕਰਾਰ ਕਰ .............. 102
ਕਿਤੇ ਢੂੰਡੇ ਨਹੀਂ ਮਿਲਦੀ .............. 103
ਪੋਟਿਆਂ ਦੀ ਛੋਹ ਨੇ ਭਰਨਾ .............. 105
ਆਣ ਕੇ ਸੂਰਜ ਨੇ ਮੁੜ ਕੇ .............. 106
ਦਿਲ ਹੱਥੋਂ ਮਜ਼ਬੂਰ ਅਸੀਂ .............. 107
ਗਾਫ਼ਿਲ ਤੂੰ ਹੋਂਦ ਅਪਣੀ .............. 108
ਰੱਬ ਨੇ ਹੈ ਬਖਸ਼ਿਆ .............. 110

*ਕਹਿਣਾ ਤਾਂ ਸੌਖਾ ਬੜਾ, ਲਿਖਣਾ ਬਹੁਤ ਮੁਹਾਲ,*
*ਸ਼ਬਦਾਂ ਦੀ ਜਾਦੂਗਰੀ, ਆਉਂਦੀ ਉਮਰਾਂ ਗਾਲ।*

## ਰੰਗਸ਼ਾਲਾ ਦੇ ਰੰਗਾਂ ਦੇ ਰੂਬਰੂ

ਰਾਜਵੰਤ ਬਾਗੜੀ ਕਨੇਡੀਅਨ ਪੰਜਾਬੀ ਗ਼ਜ਼ਲ ਵਿਚ ਬਿਲਕੁਲ ਨਵਾਂ ਨਾਂ ਹੈ। ਪਿਛਲੇ ਕੁਝ ਅਰਸੇ ਵਿੱਚ ਜਿੰਨੀ ਸ਼ਿੱਦਤ ਨਾਲ ਉਸ ਨੇ ਗ਼ਜ਼ਲ ਵਿਚ ਪ੍ਰਵੇਸ਼ ਕੀਤਾ ਹੈ, ਹੈਰਾਨੀ ਜਨਕ ਹੈ। ਇਨ੍ਹਾਂ ਮੁਲਕਾਂ ਦੀ ਅਤਿ ਰੁਝੇਵਿਆਂ ਭਰੀ ਜ਼ਿੰਦਗੀ ਵਿਚ ਰਾਜਵੰਤ ਦਾ ਗ਼ਜ਼ਲ ਵਰਗੇ ਅਤਿ ਗੰਭੀਰ ਕਾਵਿ ਰੂਪ ਨੂੰ ਅਪਨਾਉਣਾ, ਉਸ ਦੇ ਵਿਧੀ ਵਿਧਾਨ ਨੂੰ ਸਫ਼ਲਤਾ ਸਹਿਤ ਨਿਭਾਉਣਾ ਬੜੇ ਦਿਲ ਗੁਰਦੇ ਦਾ ਕੰਮ ਹੈ ।

ਸ਼ਾਇਰ ਨੂੰ ਮਹਿਬੂਬ ਦੇ ਨਖ਼ਰਿਆਂ ਵਾਂਗ, ਗ਼ਜ਼ਲ ਦੇ ਸੌ-ਸੌ ਨਖਰੇ ਉਠਾਉਣੇ ਪੈਂਦੇ ਹਨ ਕਿਉਂ ਕਿ,

*"ਕਹਿਣੀ ਸੌਖੀ ਨਾ ਗ਼ਜ਼ਲ, ਕੌਣ ਸਹੇ ਤਕਲੀਫ,*
*ਤੰਗ ਕਰੇ ਇਹ ਕਾਫੀਆ, ਅੜੀਆਂ ਕਰੇ ਰਦੀਫ।"*

ਅਜੋਕੇ ਦੌਰ ਵਿਚ ਜਦੋਂ ਅਖਾਉਤੀ ਬੌਧਿਕਤਾ ਦੇ ਪਰਦੇ ਹੇਠ ਕਵਿਤਾ ਬਹੁਤਿਆਂ ਦੇ ਪਿੜ ਪੱਲੇ ਨਹੀ ਪੈਂਦੀ ਤਾਂ ਖਿਝ ਕੇ ਇਹ ਕਹਿਣਾ ਪੈ ਜਾਂਦਾ ਹੈ ਕਿ,

*"ਸਮਝਣ ਖਾਤਰ ਲਿੱਖ ਦੇ ਟੀਕਾ ਵੀ ਇਸ ਨਾਲ,*
*ਕਵਿਤਾ ਹੈ ਜਾਂ ਕ੍ਰਿਸ਼ਨ ਇਹ, ਅਲਜ਼ਬਰੇ ਦਾ ਸਵਾਲ।"*

ਸ਼ੁਕਰ ਹੈ ਕਿ ਰਾਜਵੰਤ ਬਾਗੜੀ ਨੇ ਆਪਣੀ ਬੌਧਿਕਤਾ ਮਨਵਾਉਣ ਖ਼ਾਤਰ ਇਹ ਰਸਤਾ ਨਹੀਂ ਅਪਣਾਇਆ ਸਗੋਂ ਗ਼ਜ਼ਲ ਵਰਗੇ ਅਤਿ-ਸੂਖਮ ਕਾਵਿ ਰੂਪ ਅਪਣਾਇਆ ਹੈ।

ਰਾਜਵੰਤ ਬਾਗੜੀ ਸਵੇਂਦਨਾਸ਼ੀਲ ਤੇ ਸੂਖਮ-ਭਾਵੀ ਸ਼ਾਇਰ ਹੈ। ਉਸ ਨੂੰ ਮਨ ਦੇ ਭਾਵ ਵਿਅਕਤ ਕਰਨ ਲਈ ਆਪਣੀ ਤਬੀਅਤ ਤੇ ਜ਼ੋਰ ਨਹੀਂ ਪਾਉਣਾ ਪੈਂਦਾ ਸਗੋਂ ਆਪ ਮੁਹਾਰੇ ਹੀ,



*"ਬਦਲ ਕੇ ਹੌਕਿਆਂ ਤੋਂ ਇਹ ਹਰਫ ਮੇਰੇ,*
*ਉਜਾਗਰ ਆਪ ਹੀ ਹੋਏ ਗ਼ਜ਼ਲ ਰਾਹੀਂ।"*

ਉਹ ਅਗਾਂਹਵਧੂ ਵਿਚਾਰਧਾਰਾ ਦਾ ਧਾਰਨੀ ਹੈ, ਉਹ ਸੰਸਾਰ ਭਰ ਵਿਚ ਪਸਰੀ ਸਮਾਜ਼ਿਕ ਕਾਣੀ ਵੰਡ ਤੇ ਵਿਤਕਰੇ ਪ੍ਰਤੀ ਸੁਚੇਤ ਹੈ। ਉਸ ਨੇ ਅਨੇਕਾਂ ਤੰਗੀਆਂ ਤੁਰਸ਼ੀਆਂ, ਮੁਸੀਬਤਾਂ ਆਪਣੇ ਪਿੰਡੇ ਤੇ ਹੰਢਾਈਆਂ ਹਨ, ਤਦੇ ਉਹ ਮਿਹਨਤਕਸ਼ਾਂ ਦਾ ਦਰਦ ਏਨੀ ਸ਼ਿੱਦਤ ਨਾਲ ਮਹਿਸੂਸਦਾ ਹੈ।

*"ਰੋੜੀ ਸੜਕ ਤੇ ਕੁੱਟ ਕੇ, ਜਦ ਪੇਟ ਪੈਂਦੇ ਪਾਲਣੇ,*
*ਰੀਝਾਂ ਦੇ ਵਰਕੇ ਪਾੜ ਕੇ, ਆਪੇ ਹੀ ਪੈਂਦੇ ਜਾਲਣੇ।"*

ਉਸ ਵਾਸਤੇ ਜ਼ਿੰਦਗੀ ਨਿਰੰਤਰ ਸੰਘਰਸ਼ ਹੈ, ਜੱਦੋ ਜ਼ਹਿਦ ਹੈ। ਉਹ ਮਿਹਨਤ ਦੀ ਮਹਾਨਤਾ ਤੋਂ ਭਲੀ ਭਾਂਤ ਜਾਣੂ ਹੈ, ਦਸਾਂ ਨਹੁੰਆਂ ਦੀ ਕਿਰਤ ਕਮਾਈ ਨੂੰ ਉਹ ਵਡਿਆਉਂਦਾ ਹੈ

*"ਮੁੜਕੇ ਚੋਂ ਹੀ ਮਿਲੇਗੀ, ਹਰ ਮਰਜ਼ ਦੀ ਦਵਾਈ,*
*ਖਰਚੇ ਬਗੈਰ ਮਿਲਦੀ, ਜਾਂਦੀ ਅਸਰ ਦਿਖਾ ਕੇ।"*

ਹਿਤਾਂ ਦੀ ਸਾਂਝ ਹੀ ਰਿਸ਼ਤਿਆਂ ਦਾ ਅਧਾਰ ਬਣਦੀ ਹੈ, ਸਾਰੇ ਰਿਸ਼ਤੇ ਲੋੜਾਂ ਨਾਲ ਬੱਝੇ ਹੋਏ ਹਨ,

*"ਇਕ ਦੂਜੇ ਦੇ ਮਿੱਤ ਹਾਂ, ਜਦ ਤਕ ਨਿਭਦੇ ਹਿੱਤ,*
*ਹਿੱਤ ਜਦੋਂ ਟਕਰਾਉਣ ਤਾਂ, ਕੌਣ ਕਿਸੇ ਦਾ ਮਿੱਤ।"*

ਏਸੇ ਵਿਚਾਰ ਦੀ ਤਸਦੀਕ ਰਾਜਵੰਤ ਦਾ ਇਹ ਸ਼ਿਅਰ ਕਰਦਾ ਹੈ -

*"ਮਾਂ ਬਾਪ ਤੇ ਭੈਣਾਂ ਭਰਾ, ਸਭ ਲੋੜ ਦੇ ਹੀ ਸਾਕ ਨੇ,*
*ਸੰਸਾਰ ਬਣਿਆਂ ਰਿਸ਼ਤਿਆਂ ਦੀ ਰੰਗਸ਼ਾਲਾ ਦੇਖਿਆ।"*

ਰਾਜਵੰਤ ਬਾਗੜੀ ਸਿਆਸੀ ਪੱਖੋਂ ਵੀ ਜਾਗਰੂਕ ਹੈ। ਉਹ ਅਜੋਕੇ

ਸਿਆਸਤਦਾਨਾਂ ਦੇ ਹੱਥ-ਕੰਡਿਆਂ ਨੂੰ ਸਮਝਦਾ ਹੈ, ਤੇ ਭੋਲੀ ਭਾਲੀ ਜੰਤਾ ਆਪਣੇ ਵੋਟ ਦੀ ਕੀਮਤ ਨਹੀ ਜਾਣਦੀ-

*"ਦਰ ਦਰ ਫਿਰਨ ਭਿਖਾਰੀ ਜੋ, ਲਗਦੈ ਮੌਸਮ ਵੋਟਾਂ ਦਾ,*
*ਆਪੇ ਪਾਉਣੀ ਖੈਰ ਜਿਨ੍ਹਾਂ, ਆਪੇ ਲੈਣੇ ਹੱਥ ਵਢਾ।"*

ਧਾਰਮਿਕ ਚੌਧਰੀਆਂ ਦੇ ਦੂਹਰੇ ਕਿਰਦਾਰ ਪ੍ਰਤੀ ਵੀ ਉਹ ਸੁਚੇਤ ਹੈ ਜੋ ਧਰਮਾਂ ਦੇ ਨਾਂ ਤੇ ਲੋਕਾਂ ਨੂੰ ਮੂਰਖ ਬਣਾ ਕੇ ਆਪਣਾ ਦਾਲ ਫੁਲਕਾ ਚਲਾਉਂਦੇ ਰਹਿੰਦੇ ਹਨ-

*"ਬਣੇ ਰਾਖੇ ਜੋ ਮਜ੍ਹਬਾਂ ਦੇ, ਪਵੇ ਜਦ ਭੀੜ ਲੁਕ ਜਾਂਦੇ,*
*ਕਹੀ ਜੋ ਓਪਰੇ ਮਨ ਤੋਂ, ਨਿਭਾਉਣੀ ਤਾਂ ਨਹੀ ਸੌਖੀ।"*

ਸਮਾਜਿਕ ਤਬਦੀਲੀ ਵਾਸਤੇ ਜਿਨ੍ਹਾਂ ਰਾਹਬਰਾਂ ਤੋਂ ਲੋਕ ਅਗਵਾਈ ਦੀ ਆਸ ਕਰਦੇ ਹਨ, ਜਦੋਂ ਉਹ ਅੰਦਰ-ਖਾਤੇ ਰਾਜ-ਸੱਤਾ ਨਾਲ ਮਿਲੀਭੁਗਤ ਕਰਕੇ ਲੋਕ ਹਿਤਾਂ ਨਾਲ ਗਦਾਰੀ ਕਰਦੇ ਹਨ ਤਾਂ ਸ਼ਾਇਰ ਦਾ ਮਨ ਚੀਕ ਉਠਦਾ ਹੈ,

*"ਦਿਨੇ ਹਾਕਮ ਤੋਂ ਬਾਗੀ ਜੋ, ਉਹ ਰਾਤੀਂ ਹੇਜਲੇ ਹੁੰਦੇ,*
*ਇਨ੍ਹਾਂ ਲੋਕਾਂ ਤੋਂ ਰੋਂਦੀ ਹੈ, ਬਗਾਵਤ ਬਾਂਵਰੀ ਹੋਈ।"*

ਚੰਗੇ ਭਵਿੱਖ ਦੀ ਆਸ ਲੈ ਕੇ ਜਦੋਂ ਮਨੁੱਖ ਆਪਣਾ ਘੁੱਗ ਵਸਦਾ ਘਰ, ਗਰਾਂ, ਦੇਸ ਛੱਡ ਕੇ ਪ੍ਰਵਾਸ ਗ੍ਰਹਿਣ ਕਰ ਲੈਂਦਾ ਹੈ ਤਾਂ ਉਸ ਦੇ ਦਿਲ ਵਿਚ ਉਸ ਦੀ ਜਨਮ ਭੂਮੀ ਲਈ ਹੇਰਵਾ ਇਕ ਕੁਦਰਤੀ ਵਰਤਾਰਾ ਹੈ।

ਬਿਗਾਨੇ ਮੁਲਕਾਂ ਵਿਚ ਭਾਵੇਂ ਉਹ ਕਿੰਨਾਂ ਵੀ ਖੁਸ਼ਹਾਲ ਕਿਉਂ ਨਾ ਹੋ ਜਾਵੇ, ਉਸ ਦੀ ਆਪਣੀ ਜਨਮ ਭੂਮੀ ਲਈ ਤਾਂਘ ਮੱਠੀ ਨਹੀਂ ਪੈਂਦੀ। ਰਾਜਵੰਤ ਬਾਗੜੀ ਦੀ ਇਹ ਤੜਪ ਉਸਦੇ ਕਈ ਖ਼ੂਬਸੂਰਤ ਸ਼ਿਅਰਾਂ ਦਾ ਅਧਾਰ ਹੋ ਨਿੱਬੜੀ ਹੈ।

*"ਜਦ ਅਸੀਂ ਪ੍ਰਦੇਸ ਦੀ ਧਰਤੀ ਕਦਮ ਟਿਕਾ ਲਿਆ,*
*ਜਿਉਂ ਕਿਸੇ ਨੇ ਫੜ ਪਰਿੰਦਾ, ਪਿੰਜਰੇ ਵਿਚ ਪਾ ਲਿਆ।"*



*"ਚੋਂਦੀਆਂ ਛੱਤਾਂ ਤੋਂ ਕੀਤਾ ਹੈ ਜ਼ਕੂਜ਼ੀ ਤਕ ਸਫਰ,*
*'ਰਾਜ' ਲੱਭੀ ਨਾ ਖੁਸ਼ੀ, ਦਾਅ ਜ਼ਿੰਦਗੀ ਦਾ ਲਾ ਲਿਆ।"*

*"ਰਹਿਣ ਨੂੰ ਹੈ ਮਹਿਲ ਭਾਵੇਂ, ਪਰ ਨਹੀ ਹੈ ਉਹ ਤਮੰਨਾਂ,*
*ਏਸ ਨੂੰ ਜੋ ਘਰ ਬਣਾਉਂਦੀ, ਸੁਪਨਿਆਂ ਦੇ ਦੇਸ਼ ਅੰਦਰ।"*

ਅਜੋਕੇ ਸਰਮਾਏਦਾਰੀ ਦੌਰ ਵਿਚ ਕਦਰਾਂ-ਕੀਮਤਾਂ ਦੀ ਥਾਂ ਤੇ ਪੈਸੇ ਦਾ ਬੋਲਬਾਲਾ ਇਸ ਕਦਰ ਹਾਵੀ ਹੈ ਕਿ ਹਰ ਸ਼ੈਅ ਦਾ ਬਜ਼ਾਰੀ-ਕਰਣ ਹੋ ਚੁੱਕਿਆ ਹੈ-

*"ਹੋ ਕੇ ਤੂੰ ਵਿਕਣ ਜੋਗਾ, ਖੜ੍ਹ ਜਾ ਬਜ਼ਾਰ ਅੰਦਰ,*
*ਪਾਉਣਾ ਹੈ ਫਿਰ ਬਥੇਰਾ, ਲੋਕਾਂ ਨੇ ਮੋਲ ਦੇਖੀਂ।"*

ਰਾਜਵੰਤ ਬਾਗੜੀ ਆਪਣੇ ਸ਼ਿਅਰਾਂ ਵਿਚ ਵਿਅੰਗ ਤੇ ਕਟਾਖਸ਼ ਦੀ ਵਰਤੋਂ ਬੜੀ ਖ਼ੂਬਸੂਰਤੀ ਨਾਲ ਕਰਦਾ ਹੈ-

*"ਦੋਸਤਾਂ ਦੇ ਨਾਲ ਪੀਂਦਾ ਜੋ ਗਿਆਨੀ ਗੁੱਟ ਹੋਇਆ,*
*ਗੁਰਦੁਆਰੇ ਪਾਠ ਵੀ ਉਸ ਨੇ ਸੁਣਾਉਣਾ ਹੈ ਸਵੇਰੇ।"*

*"ਭਾਈ ਨੇ ਗੁਰਦੁਆਰੇ, ਪਾਠਾਂ ਦੀ ਸੇਲ ਲਾਈ,*
*ਆਪਾਂ ਤਾਂ ਪਾਪ ਅਪਣੇ, ਮਾਰੇ ਪਰ੍ਹਾਂ ਲੁਹਾ ਕੇ।"*

ਜ਼ਿੰਦਗੀ 'ਚ ਭਾਵੇਂ ਕਿੰਨੀਆਂ ਵੀ ਮੁਸ਼ਕਲਾਂ ਤੰਗੀਆਂ ਤੁਰਸ਼ੀਆਂ ਹੋਣ ਰਾਜਵੰਤ ਦਾ ਦ੍ਰਿਸ਼ਟੀਕੋਣ ਆਸ਼ਾਵਾਦੀ ਹੈ-

*"ਜੋ ਪਿੰਜਰੇ ਚ ਡੱਕੇ, ਇਹ ਉਡਣਗੇ ਪਰਿੰਦੇ,*
*ਫਿਰ ਬੈਠ ਕੇ ਬਨੇਰੇ ਕਰਦੇ ਕਲੋਲ ਦੇਖੀਂ।"*

ਸਨਅਤੀਕਰਨ ਨਾਲ ਭਾਵੇ ਵਿਕਾਸ ਦੀ ਗਤੀ ਬੇਸ਼ੱਕ ਤੇਜ਼ ਹੋਈ ਹੈ ਪਰ ਇਸ ਦੇ ਨਾਂਹ ਪੱਖੀ ਅਸਰ ਤੋਂ ਅਸੀਂ ਅਵੇਸਲੇ ਹੋ ਗਏ ਹਾਂ ।

ਰਾਜਵੰਤ ਬਾਗੜੀ ਪ੍ਰਦੂਸ਼ਤ ਹੋ ਰਹੇ, ਵਾਤਾਵਰਣ ਪ੍ਰਤੀ ਆਪਣੀ ਚਿੰਤਾ

ਪ੍ਰਗਟਾਉਂਦਾ ਹੈ–

*"ਨਦੀ ਨਾਲਿਆਂ ਵਿਚ ਰਹੇ ਘੋਲ ਜ਼ਹਿਰਾਂ,*
*ਸਫ਼ਾਈ 'ਚ ਫਿਰ ਦੇ ਰਹੇ ਤਰਕ ਲੋਕੀ।"*

ਗ਼ਜ਼ਲ ਮੁਹੱਬਤ ਦੇ ਪ੍ਰਗਟਾਵੇ ਲਈ ਸਭ ਤੋਂ ਖ਼ੂਬਸੂਰਤ ਕਾਵਿ–ਰੂਪ ਹੈ ਮੰਨਿਆ ਗਿਆ ਹੈ ।ਕੋਈ ਵੇਲਾ ਸੀ ਜਦੋਂ ਗ਼ਜ਼ਲ ਦਾ ਅਰਥ ਮਹਿਬੂਬ ਨਾਲ ਗਲਾਂ ਕਰਨਾਂ, ਜਾਂ ਹੁਸਨ ਇਸ਼ਕ ਦੀਆਂ ਗਲਾਂ ਤਕ ਹੀ ਸੀਮਤ ਸੀ। ਸਮੇਂ ਦੇ ਨਾਲ ਭਾਵੇਂ ਗ਼ਜ਼ਲ ਨੇ ਜ਼ਿੰਦਗੀ ਦੇ ਸਮੁੱਚੇ ਪਸਾਰ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਹੈ ਫਿਰ ਵੀ ਮੁਹੱਬਤ ਦੇ ਪ੍ਰਗਟਾਵੇ ਲਈ ਇਸ ਤੋਂ ਢੁਕਵਾਂ ਹੋਰ ਕੋਈ ਕਾਵਿ–ਰੂਪ ਨਹੀਂ। ਰਾਜਵੰਤ ਬਾਗੜੀ ਨੇ ਮੁਹੱਬਤ ਦੇ ਇਜ਼ਹਾਰ ਲਈ ਖ਼ੂਬਸੂਰਤ ਸ਼ਿਅਰ ਕਹੇ ਹਨ।

*"ਡੂੰਘੀਆਂ ਝੀਲਾਂ ਦੇ ਵਿਚ ਹੀ ਡੁੱਬ ਜਾਣਾ ਹੈ ਅਸੀਂ,*
*ਨੀਲਿਆਂ ਨੈਣਾਂ ਚ ਸਾਨੂੰ ਹੋਰ ਵੀ ਲਹਿ ਲੈਣ ਦੇ।"*

*"ਸੰਗਦੇ ਨੈਣਾਂ ਦੇ ਵਿਚੋਂ ਹਾਲ ਦਿਲ ਦਾ ਪੜ੍ਹ ਲਿਆ,*
*ਮੋਹ ਗੜੁੱਚੀ ਇਕ ਨਜ਼ਰ, ਮਿਲ ਕੇ ਝੁਕੀ ਸ਼ਰਮਾ ਗਈ।"*

ਗ਼ਜ਼ਲ ਦੀ ਸਿਰਜਣ ਪ੍ਰਕ੍ਰਿਆ ਸਿੱਧ–ਪੱਧਰੀ ਨਹੀਂ ਸਗੋਂ ਅੜਿੱਕਾ ਦੌੜ (ਹਰਡਲ ਰੇਸ) ਹੈ ।ਗ਼ਜ਼ਲ ਦੇ ਸ਼ਾਇਰ ਨੂੰ ਖਿਆਲ ਉਡਾਰੀ ਭਰਦਿਆਂ ਹੋਇਆਂ ਬਹਿਰ ਵਜ਼ਨ ਦੀਆਂ ਅਨੇਕਾਂ ਰੁਕਾਵਟਾਂ ਨੂੰ ਵੀ ਸਰ ਕਰਨਾ ਪੈਂਦਾ ਹੈ ।

ਗ਼ਜ਼ਲ ਇਕੋ ਸਮੇਂ ਵਿਚ ਸੌ ਮੀਟਰ ਦੌੜ ਵੀ ਹੈ ਤੇ ਮੈਰਾਥਨ ਦੀ ਦੌੜ ਵੀ। ਗ਼ਜ਼ਲ ਦਾ ਸ਼ਾਇਰ ਇਕ ਪਲ ਵਾਸਤੇ ਵੀ ਅਵੇਸਲਾ ਨਹੀ ਹੋ ਸਕਦਾ ਉਸ ਨੂੰ ਸੌ ਮੀਟਰ ਦੀ ਦੌੜ ਵਾਂਗ ਫੁਰਤੀ ਦੀ ਲੋੜ ਹੈ ਤੇ ਮੈਰਾਥਨ ਵਾਂਗ ਮਜ਼ਬੂਤ ਤੇ ਨਿਰੰਤਰ ਸਟੈਮਿਨੇ ਦੀ ਵੀ ।

ਖ਼ੁਸ਼ੀ ਦਾ ਗਲ ਹੈ ਕਿ ਰਾਜਵੰਤ ਬਾਗੜੀ ਨੇ ਇਹ ਅੜਿੱਕਾ ਦੌੜ ਦੌੜਨ ਦਾ ਹੌਸਲਾ ਕੀਤਾ ਹੈ ਤੇ ਇਸ ਦਾ ਇਕ ਪੜਾਅ ਸਰ ਕਰ ਲਿਆ ਹੈ। ਉਮੀਦ ਹੈ ਉਹ ਇਸੇ ਨੂੰ ਮੰਜ਼ਲ ਸਮਝ ਕੇ ਸੰਤੁਸ਼ਟ ਨਹੀਂ ਹੋ ਜਾਵੇਗਾ, ਸਗੋਂ ਆਪਣੇ ਆਪ ਨੂੰ ਮੈਰਾਥਨ ਦੌੜਨ ਲਈ ਤਿਆਰ ਕਰੇਗਾ ।

ਰਾਜਵੰਤ ਬਾਗੜੀ ਆਪਣੇ ਹੱਥਲੇ ਗ਼ਜ਼ਲ ਸੰਗ੍ਰਿਹ ਰੰਗਸ਼ਾਲਾ ਵਿਚ ਪ੍ਰਚਲਤ ਬਹਿਰਾਂ ਨੂੰ ਨਿਭਾਉਣ ਦੇ ਨਾਲ ਨਾਲ ਕਈ ਅਜਿਹੀਆਂ ਬਹਿਰਾਂ ਨੂੰ ਵੀ



ਨਿਭਾਇਆ ਹੈ ਜਿਨ੍ਹਾਂ ਨੂੰ ਨਿਭਾਉਣ ਤੋਂ ਕਈ ਸ਼ਾਇਰ ਗੁਰੇਜ਼ ਕਰਦੇ ਹਨ।

ਵਜ਼ਨ ਬਹਿਰ ਨਿਭਾਉਣ ਨਾਲ ਕੋਈ ਕਾਵਿ–ਰਚਨਾ ਗ਼ਜ਼ਲ ਨਹੀਂ ਬਣ ਜਾਂਦੀ ਸਗੋਂ ਇਸ ਦੇ ਤੁਕਬੰਦੀ ਹੋਣ ਦਾ ਖਤਰਾ ਪੈਦਾ ਹੋ ਜਾਂਦਾ ਹੈ। ਗ਼ਜ਼ਲ ਦੇ ਸ਼ਾਇਰ ਲਈ ਜ਼ੁਬਾਨਦਾਨੀ, ਮੁਹਾਵਰੇਬੰਦੀ, ਤਕਾਬਲ, ਤਕਰਾਰ, ਤਜ਼ਾਦ, ਸਿਲਾਸਤ, ਮੁਬਾਲਗਾ, ਟੁਕੜੀਆਂ ਦੀ ਵਰਤੋਂ, ਮੰਜ਼ਰਕਸ਼ੀ, ਆਦਿ ਅਨੇਕਾਂ ਕਾਵਿ–ਗੁਣ ਦਰਕਾਰ ਹਨ। ਰਾਜਵੰਤ ਬਾਗੜੀ ਦੇ ਸ਼ਿਅਰਾਂ ਵਿਚ ਉਪਰੋਕਤ ਗੁਣਾਂ ਵਿਚੋਂ ਕਈ ਗੁਣ ਦ੍ਰਿਸ਼ਟੀਗੋਚਰ ਹੁੰਦੇ ਹਨ, ਜੋ ਉਸ ਦੇ ਸ਼ਿਅਰਾਂ ਨੂੰ ਖ਼ੂਬਸੂਰਤੀ ਬਖਸ਼ਦੇ ਹਨ, ਸਿਆਣੇ ਪਾਠਕ ਆਪ ਹੀ ਇਨ੍ਹਾਂ ਦੀ ਨਿਸ਼ਾਨਦੇਹੀ ਕਰ ਲੈਣਗੇ।

ਸ਼ਾਇਰੀ ਰਾਜਵੰਤ ਦੇ ਅਪਣੇ ਲਹੂ 'ਚ ਰਸੀ ਵਸੀ ਹੋਈ ਹੈ। ਜਿਸ ਨੇ ਮੌਕਾ ਮਿਲਦਿਆਂ ਹੀ ਫੁਟ ਨਿਕਲਣਾ ਸੀ। ਸਤਿਕਾਰ ਵਜੋਂ ਮੇਰਾ ਉਚੇਚਾ ਜ਼ਿਕਰ ਕਰਨਾ ਉਸ ਦੀ ਆਪਣੀ ਵਡਿਆਈ ਹੈ। ਕਿਸੇ ਨੂੰ ਸ਼ਾਇਰ ਬਣਾਉਣਾ ਮੇਰੇ ਹੱਥ–ਵੱਸ ਨਹੀਂ, ਮੈਨੂੰ ਆਪਣੀ ਸਮਰੱਥਾ ਬਾਰੇ ਕੋਈ ਭੁਲੇਖਾ ਨਹੀਂ –

*"ਨਾ ਸ਼ਾਇਰ ਹਾਂ ਕ੍ਰਿਸ਼ਨ ਮੈਂ, ਨਾਂ ਉਸਤਾਦ ਅਦੀਬ,*
*ਮੈਂ ਤਾਂ ਕੇਵਲ ਜਾਣਦਾਂ, ਸ਼ਬਦਾਂ ਦੀ ਤਰਤੀਬ।"*

ਮੈਂ ਤਾਂ ਗਾਹੇ ਬਗਾਹੇ ਉਸ ਦੇ ਸ਼ਬਦਾਂ ਨੂੰ ਮਾੜੀ ਮੋਟੀ ਤਰਤੀਬ ਦੇ ਸਕਿਆ ਹਾਂ।

ਉਸ ਦੇ ਹੱਥਲੇ ਗ਼ਜ਼ਲ ਸੰਗ੍ਰਿਹ ਵਿਚ ਜਿੰਨੀਆਂ ਵੀ ਕਾਵਿਕ–ਖ਼ੂਬੀਆਂ ਹਨ ਉਹ ਰਾਜਵੰਤ ਦੀਆਂ ਆਪਣੀਆਂ ਹਨ। ਕੋਈ ਵੀ ਰਚਨਾ ਸੰਪੂਰਨ ਹੋਣ ਦਾ ਦਾਵਾ ਨਹੀਂ ਕਰ ਸਕਦੀ। ਉਸ ਦੀ ਸ਼ਾਇਰੀ ਵਿਚ ਰਹਿ ਗਈਆਂ ਕਮੀਆਂ ਪੇਸ਼ੀਆਂ ਨੂੰ ਮੈਂ ਆਪਣੀ ਝੋਲੀ ਪੁਆਉਂਦਾ ਹਾਂ।

ਇਨ੍ਹਾਂ ਸ਼ਬਦਾਂ ਨਾਲ ਮੈ ਤੁਹਾਥੋਂ ਵਿਦਾ ਮੰਗਦਾ ਹਾਂ,

*"ਕਿੰਨੀਆਂ ਰਚੀਆਂ ਪੁਸਤਕਾਂ, ਇਹ ਗਿਣਤੀ ਬੇਕਾਰ,*
*ਇਕੋ ਰਚਨਾ ਹੀ ਕਦੇ, ਹੋ ਨਿੱਬੜੇ ਸ਼ਾਹਕਾਰ।"*

ਸ਼ਾਲਾ ਉਸ ਦੀ ਰੰਗਸ਼ਾਲਾ ਉਸ ਦਾ ਸ਼ਾਹਕਾਰ ਹੋ ਨਿੱਬੜੇ,

*5 ਅਗਸਤ 2013*

***-ਕ੍ਰਿਸ਼ਨ ਭਨੋਟ***
ਪ੍ਰਧਾਨ– ਸਾਹਿਤ ਸਭਾ ਸਰ੍ਹੀ
ਫੋਨ– 604–314–7279

## ਸਵੈ ਕਥਨ

ਗ਼ਜ਼ਲ ਦੀ ਦੁਨੀਆਂ ਦੇ ਦੋਸਤੋ ਆਪਣਾ ਪਲੇਠਾ ਗ਼ਜ਼ਲ ਸੰਗ੍ਰਿਹ 'ਰੰਗਸ਼ਾਲਾ' ਲੈ ਕੇ ਤੁਹਾਡੀ ਕਚਿਹਰੀ 'ਚ ਹਾਜ਼ਿਰ ਹਾਂ। ਮੇਰੇ ਬਾਰੇ ਕਹਿਣ ਨੂੰ ਕੁਝ ਬਹੁਤਾ ਨਹੀਂ ਤੇ ਨਾ ਹੀ ਮੇਰਾ ਸਾਹਿਤਿਕ ਸਫ਼ਰ ਕੋਈ ਬਹੁਤਾ ਲੰਮਾ ਹੈ। ਪਿਛਲੇ ਚਾਰ ਕੁ ਸਾਲ ਤੋਂ ਹੀ ਮੈਂ ਇਹਨਾਂ ਰਾਹਾਂ ਦਾ ਪਾਂਧੀ ਬਣਿਆਂ ਹਾਂ। ਸ਼ਾਇਰੀ ਦਾ ਸ਼ੌਂਕ ਤਾਂ ਬਚਪਨ ਤੋਂ ਰਿਹਾ ਸੀ ਪਰ ਚਿੰਗਾਰੀ ਅੰਦਰ ਹੀ ਦੱਬੀ ਰਹੀ। ਮੈਂ ਕਪੂਰਥਲੇ ਸ਼ਹਿਰ ਦੇ ਇਕ ਛੋਟੇ ਜਿਹੇ ਪਿੰਡ ਇੱਬਣ ਦਾ ਜਮਪਲ ਹਾਂ। ਜਲੰਧਰ ਡੀ ਏ ਵੀ ਕਾਲਜ਼ ਤੋਂ ਬੀ-ਕਾਮ ਦੀ ਤੇ ਰਣਧੀਰ ਕੌਲੇਜ਼ ਕਪੂਰਥਲੇ ਤੋਂ ਐਮ-ਏ ਇਕਨੌਮਿਕਸ ਦੀ ਪੜ੍ਹਾਈ ਕਰਨ ਉਪਰੰਤ ਮੈਂ ਬਾਰਾਂ ਸਾਲ ਪਹਿਲਾਂ ਸਰ੍ਹੀ ਕਨੇਡਾ ਵਿਚ ਆ ਵਸਿਆ। ਇਸ ਬਿਗਾਨੇ ਮੁਲਕ ਵਿਚ ਰੋਜ਼ੀ ਰੋਟੀ ਦੀ ਦੌੜ ਵਿਚ ਐਸਾ ਗਲਤਾਨ ਹੋਇਆ ਕਿ ਸਾਹਿਤ ਨਾਲੋਂ ਟੁੱਟ ਕੇ ਦੂਰ ਜਾ ਪਿਆ। ਚਾਰ ਕੁ ਸਾਲ ਪਹਿਲਾਂ ਮੇਰੇ ਬਹੁਤ ਹੀ ਪਿਆਰੇ ਮਿੱਤਰ ਸਤਵਿੰਦਰ ਪਾਲ ਸਿੰਘ ਜੰਗੀ ਦੀ ਮਾਰਫਤ ਸਾਹਿਤ ਸਭਾਵਾਂ (ਅਦਬੀ ਸੰਗਤ, ਸਾਹਿਤ ਸਭਾ ਸਰ੍ਹੀ, ਕੇਂਦਰੀ ਲਿਖਾਰੀ ਸਭਾ, ਲੇਖਕ ਮੰਚ ਆਦਿ) ਵਿਚ ਮੇਰਾ ਆਉਣਾ ਜਾਣਾ ਸ਼ੁਰੂ ਹੋਇਆ। ਇਹਨਾਂ ਸਭਾਵਾਂ ਵਿਚ ਉਸਤਾਦ ਸ਼ਾਇਰਾਂ ਦੇ ਨਾਲ ਨਾਲ ਮੇਰੇ ਵਰਗੇ ਸਿਖਾਂਦਰੂ ਸ਼ਾਇਰ ਵੀ ਬਹੁਤ ਸਨ। ਏਥੇ ਕਵੀ ਕਵਿਤਾ ਦੀ ਹਰ ਵੰਨਗੀ ਨੂੰ ਖੂਬ ਪੇਸ਼ ਕਰਦੇ ਸਨ। ਹੌਲੀ-ਹੌਲੀ ਮੇਰੀ ਕਲਮ ਨੇ ਗ਼ਜ਼ਲ ਦੇ ਉਸਤਾਦ ਸ਼ਾਇਰਾਂ ਦਾ ਪ੍ਰਭਾਵ ਕਬੂਲਣਾ ਸ਼ੁਰੂ ਕਰ ਦਿੱਤਾ। ਜਿਹਨਾਂ ਵਿਚ ਉਸਤਾਦ ਸ਼ਾਇਰ ਕ੍ਰਿਸ਼ਨ ਭਨੋਟ, ਨਦੀਮ ਪਰਮਾਰ, ਗਿਲ ਮੋਰਾਂਵਾਲੀ ਤੇ ਹੋਰ ਵੀ ਬਹੁਤ ਗ਼ਜ਼ਲਗੋ ਸ਼ਾਮਿਲ ਹਨ। ਜਦ ਗ਼ਜ਼ਲਗੋ ਆਪਣੀ ਗ਼ਜ਼ਲ ਪੜ੍ਹਦੇ ਤਾਂ ਮਹਿਫਲਾਂ ਅਸ਼ ਅਸ਼ ਕਰ ਉੱਠਦੀਆਂ। ਇਸ ਤਰਾਂ ਮੇਰਾ ਝੁਕਾਅ ਗ਼ਜ਼ਲ ਵੱਲ ਹੀ ਹੋ ਗਿਆ। ਵਧੀਆ ਗ਼ਜ਼ਲ ਸਹਿਜੇ ਹੀ ਸਰੋਤੇ ਨੂੰ ਇਸ ਤਰਾਂ ਕੀਲ ਲੈਂਦੀ ਹੈ ਕਿ ਕਈ ਵਾਰ ਇਨਸਾਨ ਦਾਦ ਦੇਣੀ ਵੀ ਭੁਲ ਜਾਂਦਾ ਹੈ। ਇਸ ਪ੍ਰਭਾਵ ਨੂੰ ਮੇਰਾ ਇਹ ਸ਼ਿਅਰ ਖੋਲ ਕੇ ਦੱਸਦਾ ਹੈ।

*"ਗ਼ਜ਼ਲ ਦਾ ਰੂਪ ਹੋ ਕੇ, ਜਦ ਕਹੀ ਉਸ ਨੇ ਗ਼ਜ਼ਲ,*
*ਮਿਲੀ ਨਾ ਦਾਦ ਪਰ, ਵਿਸਮਾਦ ਹੀ ਵਿਸਮਾਦ ਸੀ"*



ਗ਼ਜ਼ਲ ਦਾ ਐਸਾ ਭੁਸ ਪਿਆ ਕਿ ਬਸ ਗ਼ਜ਼ਲ ਹੋ ਕੇ ਰਹਿ ਗਿਆ। ਲਾਇਬਰੇਰੀ ਵਿਚੋਂ ਜਿੰਨੇ ਵੀ ਗ਼ਜ਼ਲ ਸੰਗ੍ਰਿਹ ਮਿਲੇ ਸਭ ਲਿਆ ਕੇ ਪੜ੍ਹੇ। ਜਿਹਨਾਂ ਵਿਚ ਸੁਰਜੀਤ ਪਾਤਰ, ਡਾ. ਜਗਤਾਰ, ਸਰਦਾਰ ਪੰਛੀ, ਕ੍ਰਿਸ਼ਨ ਭਨੋਟ, ਰਜਿੰਦਰਜੀਤ, ਵਿਜੇ ਵਿਵੇਕ ਤੇ ਹੋਰ ਵੀ ਬਹੁਤ ਨਾਮ ਹਨ। ਆਰੂਜ਼ ਦੀਆਂ ਕਿਤਾਬਾਂ ਪੜ੍ਹਨ  ਦਾ ਸਿਲਸਿਲਾ ਸ਼ੁਰੂ ਹੋਇਆ। ਦੀਪਕ ਜੈਤੋਈ, ਪ੍ਰੋ. ਜੋਗਿੰਦਰ ਸਿੰਘ, ਸੁਲੱਖਣ ਸਰਹੱਦੀ ਤੇ ਨਦੀਮ ਪਰਮਾਰ ਵਰਗੇ ਅਰੂਜ਼ੀਆਂ ਦੀਆਂ ਕਿਤਾਬਾਂ ਪੜੀਆਂ। ਕਿਤਾਬਾਂ 'ਚੋਂ ਬਹੁਤ ਕੁਛ ਸਿੱਖਣ ਮਿਲਿਆ ਪਰ ਅਜੇ ਵੀ ਕਈ ਚੀਜ਼ਾਂ ਧੁੰਦਲੀਆਂ ਸਨ। ਪਰ ਇਕ ਗਲ ਪੱਕੀ ਸੀ ਕਿ ਮੇਰੇ ਅੰਦਰਲੀ ਸ਼ਾਇਰੀ ਗ਼ਜ਼ਲ ਦਾ ਰੂਪ ਲੈਣ ਲਈ ਤੜਪ ਰਹੀ ਸੀ। ਸ਼ਾਇਰੀ ਦੀ ਜ਼ੁਬਾਨ ਵਿਚ ਇਹ ਹਾਲ ਸੀ।

*"ਬੁਝ ਰਹੇ ਅੰਗਾਰ ਨੂੰ, ਇਕ ਫੂਕ ਹੀ ਦਰਕਾਰ ਹੈ,*
*ਅਗਨ  ਬੈਠੀ  ਹੈ ਕਿਤੇ, ਸੰਭਾਲ ਮੇਰੀ ਜਿੰਦਗੀ"*

ਫਿਰ ਜਦ ਮੈਂ ਕਿਸੇ ਨੂੰ ਉਸਤਾਦ ਬਣਾਉਣ ਦੀ ਸੋਚੀ ਤੇ ਮੇਰੀ ਖੁਸ਼-ਕਿਸਮਤੀ ਨੂੰ ਉਸਤਾਦ ਕ੍ਰਿਸ਼ਨ ਭਨੋਟ ਜੀ ਸਰ੍ਹੀ ਵਿਚ ਮੇਰੇ ਬਹੁਤ ਨੇੜੇ ਰਹਿੰਦੇ ਹਨ ਉਹਨਾਂ ਨੂੰ ਬੇਨਤੀ ਕੀਤੀ ਤਾਂ ਉਹ ਮੰਨ ਗਏ। ਉਸਤਾਦ ਕ੍ਰਿਸ਼ਨ ਭਨੋਟ ਮੇਰੇ ਲਈ ਵਰਦਾਨ ਸਾਬਿਤ ਹੋਏ। ਉਸਤਾਦੀ ਦਾ ਬਹੁਤ ਹੀ ਕਮਾਲ ਦਾ ਹੁਨਰ ਹੈ ਉਹਨਾਂ ਕੋਲ। ਹੁਣ ਸਰ੍ਹੀ ਦੀਆਂ ਮਹਿਫਿਲਾਂ ਵਿਚ ਮੇਰੀਆਂ ਗ਼ਜ਼ਲਾਂ ਨੂੰ ਪਿਆਰ ਮਿਲਣ ਲਗ ਪਿਆ, ਤੇ ਗ਼ਜ਼ਲ ਦੇ ਪ੍ਰਭਾਵ ਨੇ ਮੈਨੂੰ ਪੂਰੀ ਤਰ੍ਹਾਂ ਜਕੜ ਲਿਆ। ਹਾਲਤ ਕੁਛ ਇਸ ਤਰ੍ਹਾਂ ਦੀ ਹੋ ਗਈ

*"ਰਚ ਗਈ ਹੈ ਹੋਂਦ ਮੇਰੀ ਵਿਚ ਗ਼ਜ਼ਲ ਕੁਛ ਇਸ ਤਰਾਂ,*
*ਆਪਣੇ ਮਹਿਬੂਬ ਦਾ ਨਾਂ, ਮੈਂ ਗ਼ਜ਼ਲ ਹੈ ਰੱਖਿਆ"*

ਗ਼ਜ਼ਲ ਤੇ ਮਿਲ ਰਹੀ ਦਾਦ ਨੇ ਮੇਰਾ ਹੀ ਨਹੀਂ ਮੇਰੇ ਉਸਤਾਦ ਦਾ ਹੌਂਸਲਾ ਵੀ ਹੋਰ ਵਧਾ ਦਿੱਤਾ। ਇਹਨਾਂ ਮਹਿਫਲਾਂ ਦੀ ਸ਼ਾਨ ਇਕ ਮਹਾਨ ਸ਼ਾਇਰ ਚਰਨ ਸਿੰਘ ਜੀ ਹਮੇਸ਼ਾ ਮੇਰੀ ਗ਼ਜ਼ਲ ਨੂੰ ਪਸੰਦ ਕਰਕੇ ਮੇਰਾ ਹੌਂਸਲਾ ਵਧਾਉਂਦੇ ਤੇ ਮੈਨੂੰ ਅੱਗੋਂ ਤੋਂ ਹੋਰ ਵੀ ਵਧੀਆ ਲਿਖਣ ਦਾ ਅਸ਼ੀਰਵਾਦ ਵੀ ਦਿੰਦੇ। ਮੈਂ ਹਮੇਸ਼ਾ ਉਹਨਾਂ ਵਲੋਂ ਕੀਤੀ ਹੌਂਸਲਾ ਅਫਜਾਈ ਦਾ ਰਿਣੀ ਰਹਾਂਗਾ। ਇਸ ਦੇ ਨਾਲ ਹੀ ਬਹੁਤ ਉਚ ਕੋਟੀ ਦੇ ਸ਼ਾਇਰ ਸਰਦਾਰ ਇੰਦਰਜੀਤ ਸਿੰਘ ਧਾਮੀ (ਜਿਹੜੇ ਕਿ ਮੇਰੇ ਗੁਰਭਾਈ ਵੀ

ਹਨ) ਮੇਰੀ ਪਿੱਠ ਥਾਪੜਨ ਵਿਚ ਕੋਈ ਕਸਰ ਨਾ ਛੱਡਦੇ। ਇਸ ਤੋਂ ਇਲਾਵਾ ਹੋਰ ਸਥਾਪਤ ਲੇਖਕ ਜਿਹਨਾਂ ਵਿਚ ਬੀਬੀ ਇੰਦਰਜੀਤ ਕੌਰ ਸਿਧੂ, ਮੋਹਨ ਸਿੰਘ ਗਿੱਲ, ਉਰਦੂ ਦੇ ਮਹਾਨ ਸ਼ਾਇਰ ਗਿੱਲ ਮਨਸੂਰ ਸ੍ਾਬ, ਹਰਭਜਨ ਜੰਡਿਆਲਵੀ, ਰੁਪਿੰਦਰ ਰੂਪੀ, ਜਸਬੀਰ ਮਾਨ, ਹਰਚੰਦ ਸਿੰਘ ਬਾਗੜੀ, ਖੁਸ਼ਹਾਲ ਸਿੰਘ ਗਲ੍ਹੋਟੀ ਤੇ ਹੋਰ ਅਨੇਕ ਹਸਤੀਆਂ ਗਾਹੇ ਬਗਾਹੇ ਮੇਰੀ ਹੌਂਸਲਾ ਅਫਜਾਈ ਕਰਦੀਆਂ ਰਹੀਆਂ। ਗ਼ਜ਼ਲ ਦੇ ਵਿਧਾਨ ਦੀਆਂ, ਤੋਲ ਬਹਿਰ ਦੀਆਂ ਅਨੇਕ ਘੁੰਡੀਆਂ ਖੋਲ੍ਹਣ ਵਿਚ ਉਸਤਾਦ ਨਦੀਮ ਪਰਮਾਰ ਜੀ ਦੀ ਮਦਦ ਵੀ ਮੈਂ ਕਦੇ ਭੁੱਲ ਨਹੀਂ ਸਕਦਾ। ਪਰ ਇਸ ਸਭ ਤੋਂ ਇਲਾਵਾ ਇੰਟਰਨੈਟ ਤੇ ਫੇਸਬੁਕ ਦੇ ਜਰੀਏ ਵੀ ਕੁਝ ਸ਼ਾਇਰਾਂ ਨਾਲ ਦੋਸਤੀ ਹੋਈ ਜਿਹਨਾਂ ਵਿਚ ਡੁਬਈ ਵਿਚ ਵਸਦੇ ਸ਼ਾਇਰ ਅਮਰੀਕ ਗਾਫਿਲ ਸ੍ਾਬ ਬਹੁਤ ਚੰਗੇ ਦੋਸਤ ਤੇ ਮਦਦਗਾਰ ਸਾਬਿਤ ਹੋਏ। ਫੇਸਬੁਕ ਦੇ ਜਰੀਏ ਹੀ ਤਨਦੀਪ ਤਮੰਨਾ, ਮਰਹੂਮ ਨਰਿੰਦਰ ਮਾਨਵ ਜੀ, ਰਾਜ ਲਾਲੀ ਬਟਾਲਾ ਜੀ, ਉਸਤਾਦ ਸ਼ਾਇਰ ਕਮਲਦੇਵ ਪਾਲ ਜੀ, ਰਾਜਿੰਦਰਜੀਤ ਜੀ, ਰੇਨੂੰ ਨਈਅਰ ਜੀ, ਰਾਜਦੀਪ ਤੂਰ ਜੀ, ਸੰਦੀਪ ਬਿਆਸ ਜੀ, ਜਗਤਾਰ ਸਿੰਘ ਜੀ, ਰਾਜਿੰਦਰ ਜਿੰਦ ਜੀ ਤੇ ਹੋਰ ਵੀ ਬਹੁਤ ਸਾਰੇ ਸ਼ਾਇਰਾਂ ਨਾਲ ਵਿਚਾਰ ਵਟਾਂਦਰੇ ਚਲਦੇ ਰਹੇ। ਪਰ ਅੰਤ ਵਿਚ ਮੈਂ ਇਹੀ ਕਹਾਂਗਾ ਕਿ ਇਕ ਹਸਤੀ ਜੋ ਮੇਰੀ ਹਰ ਗ਼ਜ਼ਲ ਦੇ ਬਹੁਤ ਕੋਲ ਦੀ ਹੋ ਕੇ ਲੰਘੀ ਉਹ ਸੀ ਮੇਰੇ ਉਸਤਾਦ ਸ੍ਰੀ ਕ੍ਰਿਸ਼ਨ ਭਨੋਟ ਜੀ। ਜਿਨ੍ਹਾਂ ਦੀ ਮੇਰੇ ਤੇ ਕੀਤੀ ਗਈ ਮਿਹਨਤ ਸਦਕਾ ਹੀ ਇਹ ਗ਼ਜ਼ਲ ਸੰਗ੍ਰਹਿ ਹੋਂਦ ’ਚ ਆਇਆ ਹੈ ।

ਦੋਸਤੋ ਜਿਵੇਂ ਕਿ ਤੁਸੀਂ ਜਾਣਦੇ ਹੋ ਇਸ ਦੁਨੀਆਂ ਵਿਚ ਕੋਈ ਵੀ ਇਨਸਾਨ ਸੰਪੂਰਨ ਨਹੀਂ ਹੈ ਇਸੇ ਤਰ੍ਹਾਂ ਹੀ ਬੇਸ਼ੱਕ ਮੇਰੇ ਉਸਤਾਦ ਨੇ ਤੇ ਅਰੂਜ਼ ਦੇ ਗਿਆਨ ਨੇ ਮੈਨੂੰ ਥੋੜੀ ਬਹੁਤ ਗ਼ਜ਼ਲ ਲਿਖਣੀ ਸਿਖਾਈ ਹੈ ਪਰ ਫਿਰ ਵੀ ਕਿਤਾਬ ਵਿਚ ਬਹੁਤ ਸਾਰੀਆਂ ਤਰੁਟੀਆਂ ਤੇ ਊਣਤਾਈਆਂ ਰਹਿ ਗਈਆਂ ਹੋ ਸਕਦੀਆਂ ਨੇ ਜੋ ਸ਼ਾਇਦ ਮੇਰੇ ਉਸਤਾਦ ਦੀ ਨਿਗ੍ਹਾ ’ਚ ਵੀ ਨਾ ਆਈਆਂ ਹੋਣ। ਗ਼ਜ਼ਲ ਪਾਰਖੂ ਪਾਠਕਾਂ ਤੋਂ ਮੈਂ ਹਮੇਸ਼ਾ ਨਿਰਪੱਖ ਟਿੱਪਣੀਆਂ ਤੇ ਸਲਾਹਾਂ ਦੀ ਆਸ ਕਰਦਾਂ ਤਾਂ ਜੋ ਭਵਿੱਖ ਵਿਚ ਮੈਂ ਆਪਣੀਆਂ ਗਲਤੀਆਂ ਨੂੰ ਸੁਧਾਰ ਸਕਾਂ।

*ਤੁਹਾਡਾ ਆਪਣਾ*

***-ਰਾਜਵੰਤ ਸਿੰਘ ਬਾਗੜੀ***

*ਡਾਇਰੈਕਟਰ (ਸਾਹਿਤ ਸਭਾ ਸਰ੍ਹੀ)*



## ਖੰਭ ਤੇ ਪਰਵਾਜ਼

ਰਾਜਵੰਤ ਬਾਗੜੀ ਗ਼ਜ਼ਲਗੋਈ ਦੇ ਪਿੜ ਵਿਚ ਇਕ ਪ੍ਰਵੇਸ਼ਕ ਹਸਤਾਖਰ ਹੈ । ‘ਰੰਗਸ਼ਾਲਾ’ ਉਸ ਦਾ ਪਹਿਲਾ ਗ਼ਜ਼ਲ ਸੰਗ੍ਰਿਹ ਹੈ। ਉਸ ਦੇ ਗ਼ਜ਼ਲ ਅਧਿਅਨ ਤੋਂ ਬਾਦ ਮੈਂ ਇਸ ਸਿੱਟੇ ’ਤੇ ਪੁੱਜਿਆ ਹਾਂ ਕਿ ਉਸ ਵਿਚ ਸ਼ਿਅਰ ਦੀ ਤਾਜ਼ਗੀ, ਚਿਰੰਜੀਵਤਾ, ਬਹੁ-ਦਿਸ਼ਾਵੀ ਅਨੁਭਵ ਤੇ ਮਨੁੱਖੀ ਅਹਿਸਾਸ ਦਾ ਜਿੱਥੇ ਵਿਸਤਾਰ ਹੈ, ਉਥੇ ਉਹ ਗ਼ਜ਼ਲ ਨੂੰ ਪ੍ਰਚਲਤ ਛੋਟੀਆਂ, ਦਰਮਿਆਨੀਆਂ ਤੇ ਲੰਬੀਆਂ ਬਹਿਰਾਂ ਦੀਆਂ ਵੰਨਗੀਆਂ ਵੀ ਪ੍ਰਦਾਨ ਕਰਦਾ ਹੈ। ਉਸ ਦਾ ਕਾਫ਼ੀਆ ਤੇ ਰਦੀਫ ਬੜਾ ਕੁਦਰਤੀ ਸੁਭਾਵਕ ਤੇ ਗ਼ਜ਼ਲ ਦੇ ਵਜ਼ੂਦ ਤੇ ਰੂਹ ਦੇ ਅਨੁਕੂਲ ਹੈ। ਉਸ ਤੇ ਮਤਲੇ ਦਾ ਅਗਾਜ਼ ਤੇ ਅੰਦਾਜ਼ ਨਾਟਕੀ ਹੈ ਤੇ ਉਸ ਦੇ ਮਕਤੇ ਦਾ ਹਸ਼ਰ ਸਬਰ ਸੰਤੋਖ ਤੇ ਸਹਿਜ਼ ਦਾ ਧਾਰਨੀ ਹੈ। ਇਸ ਵਿਚ ਕੋਈ ਸ਼ੱਕ ਨਹੀ ਹੈ ਕਿ ਉਸ ਨੇ ਆਪਣੇ ਪਹਿਲੇ ਗਜ਼ਲ ਸੰਗ੍ਰਿਹ ਵਿਚ ਹੀ ਗ਼ਜ਼ਲ ਅਭੀਵਿਅਕਤੀ ਤੇ ਤਖਈਅਲ ਦੀਆਂ ਨਵੀਆਂ ਸਿਖਰਾਂ ਛੋਹੀਆਂ ਹਨ।

ਗਾਲਿਬ ਤੋਂ ਪਹਿਲਾਂ ਗ਼ਜ਼ਲ ਦਾ ਦਾਇਰਾ ਵਧੇਰੇ ਕਰ ਮਹਿਬੂਬ ਦੀ ਗਲਬਾਤ ਤਕ ਹੀ ਸੀਮਤ ਸੀ। ਪਰ ਗਾਲਿਬ ਦੇ ਆਗਮਨ ਨੇ ਗ਼ਜ਼ਲ ਨੂੰ ਵਿਸ਼ਾਲਤਾ ਸਰਬਵਿਆਪਕਤਾ ਤੇ ਸਮੂਹੀ ਮਨੁੱਖੀ ਅਨੁਭਵ ਦਾ ਦਰਸ਼ਨ ਪ੍ਰਦਾਨ ਕੀਤਾ ਹੈ।

ਗਾਲਿਬ ਨੇ ਗ਼ਜ਼ਲ ਲਈ ਸਾਰੀਆਂ ਦਿਸ਼ਾਵਾਂ, ਪਤਾਲਾਂ, ਧਰਤੀਆਂ ਤੇ ਬ੍ਰਹਿਮੰਡਾਂ ਅਕਾਸ਼ਾਂ ਦੇ ਦਰਵਾਜ਼ੇ ਖੋਲ੍ਹ ਦਿੱਤੇ।

ਇਸੇ ਵਿਚਾਰਧਾਰਾ ਦੀ ਪੁਸ਼ਟੀ ਕਰਦਾ ਹੋਇਆ ਰਾਜਵੰਤ ਬਾਗੜੀ ਇਸ ਗ਼ਜ਼ਲ ਸੰਗ੍ਰਿਹ ਵਿਚ ਗ਼ਜ਼ਲ ਨੂੰ ਨਵੀਆਂ ਦਿਸ਼ਾਵਾਂ ਨਵੇਂ ਦਿਸਹੱਦੇ ਖੁੱਲ੍ਹੇ ਅਸਮਾਨ ਤੇ ਖੁਲ੍ਹੀਆਂ ਧਰਤੀਆਂ ਪ੍ਰਦਾਨ ਕਰਦਾ ਪ੍ਰਤੀਤ ਹੁੰਦਾ ਹੈ।

***-ਚਰਨ ਸਿੰਘ (ਕੈਨੇਡਾ)***

## ਕੋਇਲ ਦੀ ਕੂਹੂ ਕੂਹੂ

ਰਾਜਵੰਤ ਸਿੰਘ ਬਾਗੜੀ (ਨਵਾਂ ਉੱਠਦਾ ਗ਼ਜ਼ਲਗੋ) ਦੀ ਗ਼ਜ਼ਲ ਕਹਿਣ ਦੀ ਕੁੱਵਤ ਨੂੰ ਆਪਣੀ ਪਕੜ ਵਿਚ ਲੈਣਾ ਸੰਭਵ ਨਹੀਂ ਹੈ।

ਪਕੜ ਵਿਚ ਆ ਕੇ ਉਹ ਕਿਸੇ ਵੀ ਖਿਆਲ ਵਿਚ ਸੀਮਤ ਨਹੀਂ ਹੁੰਦਾ। ਪੰਨਾ ਪਲਟਾਓ ਤਾਂ ਅਗਲੀ ਗ਼ਜ਼ਲ ਵਿਚ ਅਸੀਮਤਾ ਪਰ ਫੈਲਾਉਂਦੀ ਨਜ਼ਰ ਆਉਂਦੀ ਹੈ। ਤੇ ਇਉਂ ਉਹ ਲਗਾਤਾਰ ਅੱਗੇ ਤੋਂ ਅੱਗੇ ਚਲਦਾ ਰਹਿੰਦਾ ਹੈ।

ਬਾਰੀਕੀ ਅਤੇ ਵੱਖਰਤਾ ਹਰ ਗ਼ਜ਼ਲ ਦਾ ਸ਼ਿੰਗਾਰ ਹੈ। ਮੈਨੂੰ ਯਕੀਨ ਹੈ ਕਿ ਮੰਝੇ ਹੋਏ ਗ਼ਜ਼ਲਗੋ ਉਹਦੀ ਪਛਾਣ ਕਰਨੋਂ ਨਹੀਂ ਖੁੰਝਣਗੇ ਤਿੱਖੇ ਪ੍ਰਤੀਕਰਮ ਸੋਚ (ਗ਼ਜ਼ਲ 'ਚ ਤਗਜ਼ਲ) ਉਸ ਦੀਆਂ ਰਚਨਾਵਾਂ ਵਿਚ ਫੈਲਦੇ ਨਜ਼ਰ ਆਉਂਦੇ ਹਨ। ਗ਼ਜ਼ਲ ਵਿਚ ਗ਼ਜ਼ਲ ਹੋ ਜਾਣ ਦੇ ਰਸਾਇਣ ਜੋ ਇਸ ਖੇਤਰ ਵਿਚ ਉਸ ਨੂੰ ਮਿਲੇ ਹਨ, ਕੁਦਰਤ ਹਰ ਇਕ ਨੂੰ ਨਹੀਂ ਬਖਸ਼ਦੀ।

*"ਜੇ ਗ਼ਜ਼ਲ ਰਾਹੀਂ ਜਗਾਉਣਾ 'ਰਾਜ' ਸਾਨੂੰ ਨੀਂਦ 'ਚੋਂ,*
*ਕੰਡਿਆਂ ਦੀ ਨੋਕ ਵਰਗੇ ਅੱਖਰਾਂ ਦੀ ਕਰ ਤਲਾਸ਼।"*

ਉਸ ਦੀਆਂ ਗ਼ਜ਼ਲਾਂ ਨੂੰ ਪੜ੍ਹ ਕੇ ਪਰਤੀਤ ਹੁੰਦਾ ਹੈ ਕਿ ਉਸ ਨੇ ਹਰ ਵਰਗ ਦੇ ਆਲਾਤਰੀਨ ਗ਼ਜ਼ਲਗੋਆਂ ਦਾ ਅਧਿਐਨ ਕੀਤਾ ਹੈ ਅਤੇ ਇਸ ਸਿਨਫ ਸਮੁੰਦਰ ਦਾ ਤਾਰੂ ਹੋ ਨਿਬੜਿਆ ਹੈ।

*"ਕੌਣ ਸਮਝੇ ਰੋਗ ਮੇਰਾ, ਕੀ ਕਿਸੇ ਨੂੰ ਭੇਦ ਹੈ,*
*ਇਹ ਬਿਮਾਰੀ ਆਤਮਾ ਦੀ, ਹੈ ਦਵਾਈ ਭਟਕਣਾ।"*

ਉਸ ਦੀ ਲਿਖਣ ਸ਼ੈਲੀ ਸਰਲ ਹੁੰਦਿਆਂ ਹੋਇਆਂ ਪੈਂਦੀ ਸੱਟੇ ਤੁਹਾਨੂੰ ਜਕੜ ਲੈਂਦੀ ਹੈ। ਨਵੀਂ ਉਮਰ ਹੈ, ਨਵੇਂ ਚਾਅ ਹਨ, ਕੋਈ ਕਾਰਨ ਨਹੀਂ ਦਿਸਦਾ ਕਿ ਭਵਿੱਖ ਉਸ ਦੀ ਉਡੀਕ ਵਿਚ ਖਲੋਤਾ ਨਜ਼ਰ ਨਾ ਆਵੇ।



*"ਚੁਪ ਚੁਪੀਤੇ ਵੇਲ ਆ ਕੇ ਰੁੱਖ ਨੂੰ ਸੀ ਲਿਪਟਦੀ,*
*ਰੁੱਖ ਦਾ ਫਿਰ ਵੇਲ ਖਾਤਰ ਧੁੱਪ ਜਰਨਾਂ ਯਾਦ ਹੈ।"*

ਰਾਜਵੰਤ ਬਾਗੜੀ (ਮੇਰਾ ਗੁਰਭਾਈ) ਪ੍ਰਸਿੱਧ ਗਜ਼ਲਗੋ ਜਨਾਬ ਕ੍ਰਿਸ਼ਨ ਭਨੋਟ ਦਾ ਸ਼ਾਗਿਰਦ ਛੜੱਪ ਜਾਣ ਦੀ ਕੁਵੱਤ ਲੈ ਕੇ ਆਪਣੀ ਪਹਿਲੀ ਪੁਸਤਕ 'ਰੰਗਸ਼ਾਲਾ' ਵਿਚ ਨਿੱਤਰਿਆ ਹੈ। ਸ਼ਾਗਿਰਦ ਦੀ ਪਰਿਭਾਸ਼ਾ ਹੈ ਜੋ ਅਪਣੇ ਉਸਤਾਦ ਦੇ ਦਿੱਤੇ ਗਿਆਨ ਨੂੰ ਅੱਗੇ ਵਧਾਵੇ।

*"ਫੂਕ ਦਿੱਤੀ ਇਕ ਨਵੀਂ ਹੀ ਰੂਹ ਮੇਰੇ ਵਿਚ ਓਸ ਨੇ,*
*ਆਪਣੇ ਤੇ ਹੋ ਗਿਆ ਇਤਕਾਦ ਮੈਨੂੰ ਬੇਮਿਸਾਲ।"*

ਆਪਣੀਆਂ ਸ਼ੁਭ ਇਛਾਵਾਂ ਤੇ ਆਸ ਪਈ ਕਿ ਰਾਜਵੰਤ ਬਾਗੜੀ ਗ਼ਜ਼ਲ ਨੂੰ ਤਖਤ ਬਿਠਾਉਣ ਵਿਚ ਆਪਣਾ ਯੋਗਦਾਨ ਪਾਏਗਾ।

ਮੇਰੇ ਲਿਖੇ ਇਕ ਸ਼ਿਅਰ ਅਨੁਸਾਰ

*"ਇਹ ਅਰਬੀ ਤਖਤ ਤੋਂ ਚੱਲੀ ਤੇ ਘੁੰਮੀ ਹਿੰਦ ਸਾਰਾ ਫਿਰ,*
*ਗ਼ਜ਼ਲ ਦੀ ਹੈ ਤਮੰਨਾਂ ਤਖਤ ਤੇ ਬੈਠਾਂ ਦੁਬਾਰਾ ਫਿਰ।"*

ਰਾਜਵੰਤ ਬਾਗੜੀ ਆਪਣੀ ਲਿਖਣ ਸ਼ੈਲੀ ਨਾਲ ਲਫਜ਼ਾਂ ਦੀ ਵੇਤਰ ਕਾਤਰ ਕਰ ਕੇ ਗ਼ਜ਼ਲ ਮੁਟਿਆਰ ਲਈ ਕਪੜੇ ਸਿਊਂਦਾ ਹੈ, ਜਿਹਨਾਂ ਨੂੰ ਪਹਿਨ ਕੇ ਗ਼ਜ਼ਲ ਦਾ ਹਰ ਅੰਗ ਖੁਸ਼ਨੁਮਾ ਲਗਦਾ ਹੈ ਤੇ ਰਚਨਾਂ ਦੁੱਧ ਵਿਚ ਨ੍ਹਾਤੀ ਪਰਤੀਤ ਹੁੰਦੀ ਹੈ।

***-ਇੰਦਰਜੀਤ ਸਿੰਘ ਧਾਮੀ***
*(ਪੰਜਾਬੀ ਕਵੀ)*
*ਸਕੱਤਰ, ਸਾਹਿਤ ਸਭਾ ਸਰ੍ਹੀ*

ਥਿਰਕਦੀ ਹੈ ਤਾਲ ਤੋਂ, ਬੇਤਾਲ ਮੇਰੀ ਜ਼ਿੰਦਗੀ।
ਹਾਲ ਮੇਰੇ ਤੋਂ ਖ਼ਫਾ, ਬੇਹਾਲ ਮੇਰੀ ਜ਼ਿੰਦਗੀ।

ਉਲਝਦੀ ਹੈ ਹੋਰ ਵੀ, ਜਿੰਨੀ ਕੁ ਮੈਂ ਸੁਲਝਾ ਲਵਾਂ,
ਹਰ ਘੜੀ ਦਾ ਬਣ ਗਈ, ਜੰਜਾਲ ਮੇਰੀ ਜ਼ਿੰਦਗੀ।

ਬੁਝ ਰਹੇ ਅੰਗਾਰ ਨੂੰ, ਇਕ ਫੂਕ ਹੀ ਦਰਕਾਰ ਹੈ,
ਅਗਨ ਬੈਠੀ ਹੈ ਕਿਤੇ, ਸੰਭਾਲ ਮੇਰੀ ਜ਼ਿੰਦਗੀ।

ਨਿੱਤਰੀ ਸੀ ਨੀਰ ਵਾਂਗੂੰ, ਹੋ ਗਈ ਹੈ ਗਾਰ ਗਾਰ,
ਤੁਰ ਗਿਆ ਕੋਈ ਜਦੋਂ, ਹੰਘਾਲ਼ ਮੇਰੀ ਜ਼ਿੰਦਗੀ।

ਕਾਸ਼ ਵਿਹੜੇ ਆਪਣੇ ਵਿਚ ਵੀ ਕਦੇ ਸੂਰਜ਼ ਚੜੇ,
ਖ਼ਾਬ ਹੀ ਬਸ ਖਾਬ ਹੈ, ਦਰਹਾਲ ਮੇਰੀ ਜ਼ਿੰਦਗੀ।

ਹੌਕਿਆਂ ਤੇ ਹਾਵਿਆਂ ਨੂੰ, ਕੀ ਕਿਸੇ ਨੇ ਲੁੱਟਣਾ,
ਸੌਂ ਗਈ ਇਹ ਸੋਚ ਕੇ, ਕੰਗਾਲ ਮੇਰੀ ਜ਼ਿੰਦਗੀ।

ਆ ਗਏ ਮਹਿਮਾਨ ਬਣਕੇ, ਗ਼ਮ ਤੇ ਖ਼ੁਸ਼ੀਆਂ ਨਾਲ ਨਾਲ,
ਫਿਰ ਗ਼ਮਾਂ ਦੀ ਹੋ ਗਈ ਤਤਕਾਲ ਮੇਰੀ ਜ਼ਿੰਦਗੀ।

ਕਿਉਂ ਉਤਾਰਾਂ ਜਾਲ਼ਿਆਂ ਨੂੰ, ਏਸ ਦੀ ਦੀਵਾਰ ਤੋਂ,
ਏਸ ਘਰ ਤੋਂ ਦੂਰ ਹੈ, ਫਿਲਹਾਲ ਮੇਰੀ ਜ਼ਿੰਦਗੀ।

ਡੀਕ ਲਾ ਕੇ ਪੀ ਗਈ, ਮੇਰੇ ਕਲ਼ੇਜੇ ਦਾ ਲਹੂ,
'ਰਾਜ' ਮੈਨੂੰ ਖਾ ਗਈ, ਚੰਡਾਲ ਮੇਰੀ ਜ਼ਿੰਦਗੀ।
•



ਮੇਰੀ ਝੋਲ਼ੀ ਭਰੇ ਅੰਗਾਰ, ਮੇਰੇ ਕੋਲ਼ ਨਾ ਆਵੀਂ।
ਮੇਰਾ ਹੈ ਅੱਗ ਦਾ ਸੰਸਾਰ ਮੇਰੇ ਕੋਲ਼ ਨਾ ਆਵੀਂ।

ਕਦੇ ਮੈਂ ਹੋ ਰਹਾਂ ਸਾਗਰ, ਕਦੇ ਮੈਂ ਬੂੰਦ ਰਹਿ ਜਾਵਾਂ,
ਮੇਰਾ ਬਦਲੇ ਸਦਾ ਆਕਾਰ, ਮੇਰੇ ਕੋਲ਼ ਨਾ ਆਵੀਂ।

ਤੇਰੀ ਪੌਣਾਂ ਜਿਹੀ ਫਿਤਰਤ, ਉਡਾਵੇ ਨਾ ਕਿਤੇ ਮੈਨੂੰ,
ਮੇਰਾ ਹਲਕਾ ਹਵਾ ਤੋਂ ਭਾਰ, ਮੇਰੇ ਕੋਲ਼ ਨਾ ਆਵੀਂ।

ਜਦੋਂ ਤਾਂ ਲੋੜ ਸੀ ਤੇਰੀ, ਉਦੋਂ ਤੂੰ ਫੇਰਿਆ ਮੁਖੜਾ,
ਨਹੀਂ ਕੋਈ ਤਿਰਾ ਇਤਬਾਰ, ਮੇਰੇ ਕੋਲ਼ ਨਾ ਆਵੀਂ।

ਵਿਸਾਰਾਂ ਕਿਸ ਤਰ੍ਹਾਂ ਚੋਟਾਂ, ਰਹਾਂ ਮੈਂ ਵਰਤਦਾ ਹੀਲੇ,
ਤਦੇ ਤਾਂ ਆਖਿਆ ਸੌ ਬਾਰ, ਮੇਰੇ ਕੋਲ਼ ਨਾ ਆਵੀਂ।

ਸਦਾ ਮਿੱਟੀ ਦੇ ਵਾਂਗੂੰ ਮੈਂ, ਰਿਹਾ ਪੈਰੀਂ ਤਿਰੇ ਰੁਲ਼ਦਾ,
ਤੇਰਾ ਘਟਿਆ ਨਹੀਂ ਹੰਕਾਰ, ਮੇਰੇ ਕੋਲ਼ ਨਾ ਆਵੀਂ।

ਉਤਾਰੀਂ ਨਾ ਕਫ਼ਨ ਮੇਰਾ, ਦਿਖਾਉਣਾ ਮੁਖ ਨਹੀਂ ਤੈਨੂੰ,
ਤੇਰਾ ਏਨਾ ਨਹੀਂ ਅਧਿਕਾਰ, ਮੇਰੇ ਕੋਲ਼ ਨਾ ਆਵੀਂ।

ਜਿਨਾਂ ਨੇ ਜੋੜਿਆ ਦਿਲ ਨੂੰ, ਉਨ੍ਹਾਂ ਨੇ ਯਾਰ ਵੀ ਪੂਜੇ,
ਕਦੀ ਖਾਂਦੇ ਨਹੀਂ ਉਹ ਖ਼ਾਰ, ਮੇਰੇ ਕੋਲ਼ ਨਾ ਆਵੀਂ।

ਛਲਕ ਆਏ ਉਦੋਂ ਹੰਝੂ, ਝਿੜਕ ਜਦ ਯਾਰ ਨੇ ਮਾਰੀ,
ਕਿਹਾ ਫਿਰ 'ਰਾਜ' ਆਖ਼ਰਕਾਰ, ਮੇਰੇ ਕੋਲ਼ ਨਾ ਆਵੀਂ।
•

ਫਿਰ ਤੋਂ ਤੇਰੀ ਤਸਵੀਰ ਦਾ, ਸਾਨੂੰ ਭੁਲੇਖਾ ਪੈ ਗਿਆ।
ਤਪਦੇ ਥਲਾਂ ’ਚੋਂ ਨੀਰ ਦਾ, ਸਾਨੂੰ ਭੁਲੇਖਾ ਪੈ ਗਿਆ।

ਵਗਦੀ ਹਵਾ ਹਾਲਾਤ ਦੀ, ਸਾਨੂੰ ਉਡਾਵੇ ਇਸ ਤਰਾਂ,
ਕਿੱਕਰ ਤੇ ਟੰਗੀ ਲੀਰ ਦਾ, ਸਾਨੂੰ ਭੁਲੇਖਾ ਪੈ ਗਿਆ।

ਓਹੀ ਰਿਹਾ ਬਣ ਕੇ ਰਫੀਕ, ਰਕੀਬ ਜਿਹੜਾ ਆਪ ਸੀ,
ਚੋਰਾਂ ਦੇ ਸ਼ਹਿਰ ਫ਼ਕੀਰ ਦਾ, ਸਾਨੂੰ ਭੁਲੇਖਾ ਪੈ ਗਿਆ।

ਦਿਨ ਚਾਰ ਹੱਸ ਕੀ ਬੋਲਿਆ, ਮਹਿਬੂਬ ਸਾਡੇ ਨਾਲ ਜਦ,
ਬਦਲੀ ਉਦੋਂ ਤਕਦੀਰ ਦਾ, ਸਾਨੂੰ ਭੁਲੇਖਾ ਪੈ ਗਿਆ।

ਕਿਸਮਤ ਦੀ ਰੇਖਾ ਖਿੱਚਣੀ, ਭੁਲਿਆ ਹੈ ਸ਼ਾਇਦ ਰਬ ਤਾਂ,
ਹੱਥਾਂ ’ਚ ਓਸ ਲਕੀਰ ਦਾ, ਸਾਨੂੰ ਭੁਲੇਖਾ ਪੈ ਗਿਆ।

ਆਏ ਨ ਸਾਨੂੰ ਢਾਲਣੇ, ਗੀਤਾਂ ’ਚ ਪਲ ਜੋ ਵਸਲ ਦੇ,
ਸਾਂਭੀ ਨ ਓਸ ਜਗੀਰ ਦਾ, ਸਾਨੂੰ ਭੁਲੇਖਾ ਪੈ ਗਿਆ।

ਨਗਰੀ ਜੁ ਰੰਗ ਪੁਰੇ ਜਿਹੀ, ਤੇਰਾ ਗਰਾਂ ਹੈ ਜਾਪਦੀ,
ਦਰ ’ਤੇ ਖੜੀ ਇਕ ਹੀਰ ਦਾ, ਸਾਨੂੰ ਭੁਲੇਖਾ ਪੈ ਗਿਆ।

ਸੁਣਦੇ ਰਹੇ ਮਿਠੜਾ ਬੜਾ, ਚਖ਼ਿਆ ਤਾਂ ਕੌੜਾ ਜ਼ਹਿਰ ਸੀ,
ਇਸ਼ਕਾ ਤਿਰੀ ਤਾਸੀਰ ਦਾ, ਸਾਨੂੰ ਭੁਲੇਖਾ ਪੈ ਗਿਆ।
•



ਦੋਸਤਾ ਤੈਨੂੰ ਮੁਬਾਰਕ, ਇਸ ਤਰ੍ਹਾਂ ਦੀ ਦੋਸਤੀ।
ਮਾਰ ਕੇ ਫੁੱਲਾਂ ਨੂੰ ਠੋਕਰ, ਨਸ਼ਤਰਾਂ ਦੀ ਦੋਸਤੀ।

ਪੱਤਿਆਂ ਦੇ ਛੂਹਣ ’ਤੇ, ਪੀੜਾ ਜੋ ਏਨੀ ਮੰਨਦਾ,
ਹੁਣ ਨਿਭਾਵੇਗਾ ਕਿਵੇਂ ਉਹ, ਛਿਲਤਰਾਂ ਦੀ ਦੋਸਤੀ।

ਸਾਦਗੀ ਦੇ ਨਾਲ ਜੀਣਾ, ਜੋ ਰਿਹਾ ਸੀ ਆਖਦਾ,
ਹੁਣ ਕਰੇ ਸੋਨੇ ਮੜ੍ਹਾਏ, ਵਸਤਰਾਂ ਦੀ ਦੋਸਤੀ।

ਹੀਰਿਆਂ ਦਾ ਮੁੱਲ ਕਦ ਹੈ, ਓਸ ਤੋਂ ਪਾਇਆ ਗਿਆ,
ਤੋੜ ਕੇ ਸ਼ੀਸ਼ੇ ਉਹ ਕਰਦੈ, ਕੰਕਰਾਂ ਦੀ ਦੋਸਤੀ।

ਹਰ ਨਵੇਂ ਰਿਸ਼ਤੇ ’ਚੋਂ ਲੱਭੇ, ਉਹ ਪੁਰਾਣੀ ਨੇੜਤਾ,
ਨਿਤ ਕਮਾਉਂਦੈ ਆਪ ਨਵੀਆਂ, ਬਣਤਰਾਂ ਦੀ ਦੋਸਤੀ।

ਦੋਸਤੀ ਦਾ ਦੇਹ ਭੁਲੇਖਾ, ਦੁਸ਼ਮਣੀ ਜੋ ਪਾਲ਼ਦੇ,
ਤੋੜ ਦੇਹ ਤੂੰ ‘ਰਾਜ’ ਐਸੇ, ਸ਼ਾਤਰਾਂ ਦੀ ਦੋਸਤੀ।
•

ਮੈਂ ਤੇ ਬਿਰਹੋਂ, ਜਾਗੇ ਰਾਤਾਂ।
ਦੋਨੋਂ ਮਿਲ ਕੇ, ਪਾਈਏ ਬਾਤਾਂ।

ਇਸ਼ਕ ਹਮੇਸ਼ਾ ਪਾਈਆਂ ਝੋਲੀ,
ਰਤ ਪੀਣੀਆਂ, ਇਹ ਸੌਗਾਤਾਂ।

ਥੋੜਾ ਦਿੱਤਾ, ਮਾਰ ਨਸੀਬਾਂ,
ਬਾਕੀ ਮਾਰੇ, ਯਾਰ ਅਫਾਤਾਂ।

ਜੋਗੀ ਮੋੜੇ ਭੁੱਖੇ ਭਾਣੇ,
ਅਸ਼ਕ ਹਮੇਸ਼ਾ ਪਾਉਣ ਖਰਾਤਾਂ।

ਰੋਜ਼ ਮੇਰੇ ਇਹ ਦਿਲ ’ਤੇ ਮੇਲ੍ਹਣ,
ਗ਼ਮ ਨਾਗਾਂ ਦੀਆਂ, ਹੁੰਦੇ ਜਾਤਾਂ।

ਬਹੁੜੇ ਕੋਈ, ਪੀਰ ਮਨਾਇਆ,
ਆਈਆਂ ਕਿਹੜੇ ਕੰਮ ਜ਼ਕਾਤਾਂ।

ਰੱਬ ਭੁਲਾ ਕੇ, ਯਾਰ ਧਿਆਇਆ,
ਕਿੱਥੋਂ ਭਾਲੇਂ, ‘ਰਾਜ’ ਨਿਜ਼ਾਤਾਂ।
•



ਪਰ ਗਵਾਏ ਆਪਣੇ ਤੂੰ, ਹੁਣ ਪਰਾਂ ਦੀ ਕਰ ਤਲਾਸ਼।
ਪੰਛੀਆ! ਉਡ ਆਲਣੇ ’ਚੋਂ, ਅੰਬਰਾਂ ਦੀ ਕਰ ਤਲਾਸ਼।

ਛੱਡ ਦਿੱਤਾ ਸ਼ਹਿਰ ਅਪਣਾ, ਜਲਜ਼ਲੇ ਦੇ ਖੌਫ ਤੋਂ,
ਭਾਲ਼ਣੇ ਜੇ ਪਲ ਗਵਾਚੇ, ਖੰਡਰਾਂ ਦੀ ਕਰ ਤਲਾਸ਼।

ਕਤਲ ਹੋਇਆ ਸੀ ਕਿਵੇਂ, ਉਠ ਦੇਹ ਗਵਾਹੀ ਲਾਸ਼ ਤੂੰ,
ਟੋਲ਼ ਅਪਣੇ ਕਾਤਲਾਂ ਨੂੰ, ਖੰਜਰਾਂ ਦੀ ਕਰ ਤਲਾਸ਼।

ਬੇਖੁਦੀ ਵਿਚ ਭੇਤ ਅਪਣਾ, ਆਪ ਹੀ ਤੂੰ ਖੋਲ੍ਹਦੈਂ,
ਆਪਣੇ ਹੀ ਅੰਦਰੋਂ ਤੂੰ, ਮੁਖਬਰਾਂ ਦੀ ਕਰ ਤਲਾਸ਼।

ਮੋਤੀਆਂ ਦੀ ਆਸ ਕਰਦੈਂ, ਤੂੰ ਥਲਾਂ ’ਚੋਂ ਮੂਰਖਾ,
ਭੋਲ਼ਿਆ ਨਾਦਾਨ ਹੰਸਾ, ਸਰਵਰਾਂ ਦੀ ਕਰ ਤਲਾਸ਼।

ਖਚਰਿਆਂ ਨਾਗਾਂ ਨੇ ਤੇਰੇ, ਘਰ ਬਸੇਰਾ ਕਰ ਲਿਆ,
ਚਲ ਸਪੇਰੇ ਆਪਣੇ ਘਰ, ਅਜਗਰਾਂ ਦੀ ਕਰ ਤਲਾਸ਼।

ਬੇਇਮਾਨੀ ਹੈ ਗ਼ਲਤ, ਤੂੰ ਆਖਦਾ ਰਹਿ ਉੱਪਰੋਂ,
ਅੰਦਰੋਂ ਹੀ ਅੰਦਰੋਂ ਤੂੰ ਅਵਸਰਾਂ ਦੀ ਕਰ ਤਲਾਸ਼।

ਤੂੰ ਕਿਹਾ ਸੀ ਜਿਸ ਤਰਾਂ, ਲੈ ਉਸ ਤਰ੍ਹਾਂ ਮੈਂ ਕਰ ਲਿਆ,
ਚਾਤਰਾ ਹੁਣ ਏਸ ’ਚੋਂ ਵੀ, ਘੁਣਤਰਾਂ ਦੀ ਕਰ ਤਲਾਸ਼।

ਜੇ ਗ਼ਜ਼ਲ ਰਾਹੀਂ ਜਗਾਉਣਾ, ‘ਰਾਜ’ ਸਾਨੂੰ ਨੀਂਦ ’ਚੋਂ,
ਕੰਡਿਆਂ ਦੀ ਨੋਕ ਵਰਗੇ, ਅੱਖਰਾਂ ਦੀ ਕਰ ਤਲਾਸ਼।
•

□

ਲਿਖਾਂ ਮੈਂ ਜਦੋਂ ਵੀ, ਕੁਈ ਗੀਤ ਤੇਰਾ।
ਕਲਮ ਖਿੜ-ਖਿੜਾਵੇ, ਖ਼ੁਸ਼ੀ ਵਿਚ ਬਥੇਰਾ।

ਜਦੋਂ ਘੁੰਡ ਲਾਹਿਆ, ਕਦੇ ਵੀ ਗ਼ਜ਼ਲ ਦਾ,
ਉਜਾਗਰ ਤਿਰੀ ਜ਼ੁਲਫ ਕੁੰਡਲ ਦਾ ਘੇਰਾ।

ਨਸ਼ੇਮਨ ’ਚ ਬੈਠੀ ਜੋ ਬੁਲਬੁਲ ਨ ਜਾਣੇ,
ਚਮਨ ਓਸ ਬਾਝੋਂ, ਹੈ ਹੋਇਆ ਹਨੇਰਾ।

ਗਈ ਸੋਚ ਮੇਰੀ ਅਰਸ਼ ਤੀਕ ਚਲ ਕੇ,
ਮੇਰੇ ਖ਼ਾਬ ਦਾ, ਬਹੁਤ ਪੈਂਡਾ ਲਮੇਰਾ।

ਮੁੜੀ ਮੋੜ ਅੱਗ ਦਾ, ਜਦੋਂ ਵੀ ਹਯਾਤੀ,
ਤਿਰਾ ਮੁਖ ਹੀ ਬਣਿਆ ਮੁਹਾਫਿਜ਼ ਹੈ ਮੇਰਾ।

ਸੁਣਾਂ ਜਦ ਗਲੀ ’ਚੋਂ, ਮੈਂ ਝਾਂਜਰ ਦੀ ਛਣ ਛਣ
ਤਿਰਾ ਭਰਮ ਪੈ ਕੇ, ਖਿਲੇ ਦਿਲ ਘਣੇਰਾ।

ਜਗਾ ਕੇ ਹਮੇਸ਼ਾ ਹੀ, ਸ਼ਬਦਾਂ ਦੇ ਦੀਵੇ,
ਕਰੂ ‘ਰਾਜ’ ਰੌਸ਼ਨ, ਤਿਰਾ ਹੀ ਬਨੇਰਾ।

•



□

ਲਾਚਾਰ ਬੇਟਿਕਾਣਾ, ਤੇ ਬੇਸਹਾਰਿਆਂ ਨੂੰ।
ਕੋਈ ਨ ਆਸਰਾ ਹੈ, ਉਲਫ਼ਤ ਦੇ ਮਾਰਿਆਂ ਨੂੰ।

ਬੋਲੀ ਨ ਜਾ ਬਬੀਹੇ, ਸਾਵਣ ਨਹੀਂ ਹੈ ਆਉਣਾ,
ਜਾਣੇ ਨ ਭੋਲਿਆ ਤੂੰ, ਸਾਵਣ ਦੇ ਲਾਰਿਆਂ ਨੂੰ।

ਬਲ਼ਦਾ ਜਦੋਂ ਵੀ ਜੰਗਲ, ਪੰਛੀ ਉਡਾਨ ਭਰਦੇ,
ਕੋਈ ਨ ਫਿਰ ਬਚਾਵੇ, ਬੋਟਾਂ ਵਿਚਾਰਿਆਂ ਨੂੰ।

ਲਹਿਰਾਂ ਦੇ ਲੇਖ ਐਸੇ, ਹੈ ਭਟਕਣਾ ਹਮੇਸ਼ਾ,
ਬਸ ਖ਼ਤਮ ਹੋਣੀਆਂ ਨੇ, ਲਭਦੇ ਕਿਨਾਰਿਆਂ ਨੂੰ।

ਜੂਏ ’ਚ ਇਸ਼ਕ ਦੇ ਮੈਂ, ਬਾਜ਼ੀ ਅਜ਼ੀਬ ਖੇਲੀ,
ਇਹਦੇ ’ਚ ਸਿਰ ਨਿਵਾਉਂਦੇ, ਜੇਤੂ ਵੀ ਹਾਰਿਆਂ ਨੂੰ।

ਤੇਰੀ ਤਲਾਸ਼ ਰਹਿਣੀ, ਮੈਨੂੰ ਅਖ਼ੀਰ ਤਾਈਂ,
ਤਰਸੀ ਨਜ਼ਰ ਹੈ ਮੇਰੀ, ਤੇਰੇ ਦਿਦਾਰਿਆਂ ਨੂੰ।

•

ਬੁਲਬੁਲੇ ਦੇ ਸੰਗ ਦਾ, ਐਵੇਂ ਭਰੋਸਾ ਨਾ ਕਰੀਂ।
ਏਸ ਮਸਤ ਮਲੰਗ ਦਾ, ਐਵੇਂ ਭਰੋਸਾ ਨਾ ਕਰੀਂ।

ਸੱਪ ਦੀ ਔਕਾਤ ਕੀ ਹੈ, ਇਸ ਬਲ੍ਹਾ ਦੇ ਸਾਮ੍ਹਣੇ,
ਆਦਮੀ ਦੇ ਡੰਗ ਦਾ, ਐਵੇਂ ਭਰੋਸਾ ਨਾ ਕਰੀਂ।

ਤੂੰ ਖਿੜਾਇਆ ਫੁੱਲ ਜਿਹੜਾ, ਤੋੜ ਲੈਣਾ ਹੋਰਨਾਂ,
ਇਸ਼ਕ ਦੀ ਇਸ ਜੰਗ ਦਾ, ਐਵੇਂ ਭਰੋਸਾ ਨਾ ਕਰੀਂ।

ਦੋ ਤਰਫ਼ ਤੋਂ ਵੱਜਦੇ ਨੇ, ਸਾਜ਼ ਏਹੋ ਚੰਮ ਦੇ,
ਮਰਦ ਤੇ ਮਰਦੰਗ ਦਾ, ਐਵੇਂ ਭਰੋਸਾ ਨਾ ਕਰੀਂ।

ਤੂੰ ਪਤੰਗੇ ਵਾਂਗ ਨਾ, ਯਾਰੀ ਸ਼ਮਾਂ ਦੇ ਨਾਲ ਪਾ,
ਜੀਣ ਦੇ ਇਸ ਢੰਗ ਦਾ, ਐਵੇਂ ਭਰੋਸਾ ਨਾ ਕਰੀਂ।

ਜੇ ਸੁਣੇਂ ਤੂੰ ਪਿਆਰ ਬਾਝੋਂ, ਜ਼ਿੰਦਗੀ ਨਾਕਾਮ ਹੈ,
ਕੂੜ ਦੇ ਪਰਸੰਗ ਦਾ, ਐਵੇਂ ਭਰੋਸਾ ਨਾ ਕਰੀਂ।

ਪੁੱਛ ਲੈਣੀ ਜ਼ਾਤ ਉਹਨੇ, ਵਾਢ੍ਹਿਆਂ ਨੂੰ ਤੋੜ ਕੇ,
'ਰਾਜ' ਦਿਲ ਦੇ ਤੰਗ ਦਾ, ਐਵੇਂ ਭਰੋਸਾ ਨਾ ਕਰੀਂ।
•



ਪੈੜ ਗੋਰੇ ਰੰਗ ਦੀ, ਰਾਹਾਂ ਲੁਕੋਈ ਫੇਰ ਤੋਂ।
ਬੇਕਸਾਂ ਦੀ ਅੱਖ ਵੀ, ਜਾਂਦੀ ਹੈ ਰੋਈ ਫੇਰ ਤੋਂ।

ਖ਼ਾਬ ਦੀ ਅਰਥੀ ਸਜਾ ਕੇ, ਆਪ ਹੀ ਬੈਠਾ ਰਿਹਾ,
ਬੋਲ ਬੋਲਣ ਸੋਗ ਦੇ, ਆਇਆ ਨ ਕੋਈ ਫੇਰ ਤੋਂ।

ਹਾਸਿਆਂ ਨੇ ਢਕ ਲਿਆ, ਚਿਹਰਾ ਜਦੋਂ ਮੇਰਾ ਕਿਤੇ,
ਚੀਸ ਦਿਲ ਦੇ ਰੂਬਰੂ ਇਕ, ਆ ਖਲੋਈ ਫੇਰ ਤੋਂ।

ਦੋਸਤਾਂ ਦੇ ਸ਼ਹਿਰ ਦਾ, ਮੇਰਾ ਭੁਲੇਖਾ ਮਿਟ ਗਿਆ,
ਫੜ ਕਟਾਰੀ ਜਦ ਕਿਸੇ, ਮੇਰੇ ਖੁਭੋਈ ਫੇਰ ਤੋਂ।

ਚੁੱਪ ਤੇਰੀ ਕਹਿ ਗਈ, ਸਾਰੇ ਫ਼ਸਾਨੇ ਅਣਕਹੇ,
ਦੇਖ ਮੈਨੂੰ ਮਿਲ ਗਈ, ਭਟਕਣ ਨਰੋਈ ਫੇਰ ਤੋਂ।

ਕੱਢ ਕੇ ਕਿਸ਼ਤੀ ਦੁਰੇਡੇ, ਲੈ ਗਿਆ ਤੂਫਾਨ ਤੋਂ,
ਦੇਹ ਦਗ਼ਾ ਇਕ ਲਹਿਰ ਨੇ, ਆ ਕੇ ਡੁਬੋਈ ਫੇਰ ਤੋਂ।

ਬਰਫ਼ ਵਾਂਗੂ ਸੀਤ ਭਾਵੇਂ, ਹੋ ਗਈ ਹੈ ਜ਼ਿੰਦਗੀ,
ਢਲ਼ ਕੇ ਬਿਰਹਾ ਮੇਰਿਆਂ ਨੈਣਾਂ 'ਚੋਂ ਚੋਈ ਫੇਰ ਤੋਂ।

ਜ਼ਖਮ ਪਹਿਲੇ ਭਰਨਗੇ ਤਾਂ, ਜਖਮ ਦੇਣਾ ਹੋਰ ਇਕ,
ਵਕਤ ਕੀਤੀ ਹੈ ਨਵੀਂ, ਪੇਸ਼ੀਨਗੋਈ ਫੇਰ ਤੋਂ।

ਰੋਕਦਾ ਕਿੰਨਾਂ ਜ਼ਮਾਨਾ, ਦਰਦ ਕਹਿਣੋਂ 'ਰਾਜ' ਨੂੰ,
ਪਰ ਗ਼ਜ਼ਲ ਵਿਚ ਦਰਦ ਨੂੰ, ਜਾਂਦਾ ਪਰੋਈ ਫੇਰ ਤੋਂ।
•

ਉੱਡਦਾ ਹੈ ਜੋ ਪਰਿੰਦਾ ਪਰਬਤਾਂ ਦੇ ਆਸ ਪਾਸ।
ਲੋਚਦਾ ਸ਼ਾਇਦ ਹੈ ਜਾਣਾ, ਕਹਿਕਸ਼ਾਂ ਦੇ ਆਸ ਪਾਸ।

ਦੂਰ ਮੇਰੀ ਪਹੁੰਚ ਤੋਂ, ਉਸ ਨੇ ਟਿਕਾਣਾ ਕਰ ਲਿਆ,
ਘਰ ਬਣਾਇਆ ਓਸ ਨੇ ਜਦ, ਆਸਮਾਂ ਦੇ ਆਸ ਪਾਸ।

ਜੇਸ ਦਾ ਕਰਦਾ ਰਿਹਾ, ਰਾਹਾਂ 'ਚ ਰੁਕ ਕੇ ਇੰਤਜ਼ਾਰ,
ਗੁੰਮਿਆਂ ਹੁਣ ਆਪ ਰਾਹੀ, ਕਾਰਵਾਂ ਦੇ ਆਸ ਪਾਸ।

ਆਖ ਬੈਠੇ ਯਾਰੜੇ ਨੂੰ, ਗੁਰਬਤਾਂ ਦੀ ਦਾਸਤਾਨ,
ਫੇਰ ਨਾ ਆਇਆ ਕਦੇ ਉਹ, ਬੇਕਸਾਂ ਦੇ ਆਸ ਪਾਸ।

ਰੱਖ ਜਿਸ ਕੱਚਾ ਘੜਾ, ਸੋਹਣੀ ਨੂੰ ਚਾਹਿਆ ਡੋਬਣਾ,
ਅੱਜ ਪੱਕਾ ਭਾਲ਼ਦੀ ਏ, ਰਹਿ ਝਨਾਂ ਦੇ ਆਸ ਪਾਸ।

ਮੱਚਿਆ ਜੰਗਲ ਲਟਾਲਟ, ਸੌਂ ਰਿਹਾ ਪੰਛੀ ਜਗਾਉ,
ਆ ਗਈ ਹੈ ਅੱਗ ਉਹਦੇ, ਹੁਣ ਪਰਾਂ ਦੇ ਆਸ ਪਾਸ।

ਰੋਗ ਮੇਰੇ ਦੀ ਦਵਾ ਹੈ ਦੀਦ ਤੇਰੀ ਮਹਿਰਮਾ,
ਕੱਟ ਲੈਣੀ ਜ਼ਿੰਦਗੀ, ਤੇਰੇ ਦਰਾਂ ਦੇ ਆਸ ਪਾਸ।
•



ਪੁੰਨਿਆਂ ਦਾ ਚੰਨ ਪੁੱਛੇ, ਤਾਰਿਆਂ ਦਾ ਹਾਲ ਚਾਲ।
ਤਪ ਰਹੇ ਸੂਰਜ ਦੇ ਅੱਗੇ, ਹਾਰਿਆਂ ਦਾ ਹਾਲ ਚਾਲ।

ਟੋਭਿਆਂ ਦੀ ਇਕ ਮੱਛੀ, ਪੁੱਛਦੀ ਹੈ ਰੋਜ਼ ਰੋਜ਼,
ਸਾਗਰਾ ਤੂੰ! ਦੱਸ ਪਾਣੀ ਖਾਰਿਆਂ ਦਾ ਹਾਲ ਚਾਲ।

ਇਸ ਦੀਆਂ ਨੀਹਾਂ 'ਚ ਦੱਬੇ ਜਾਣ ਜਦ ਇਹ ਉਸਰਦੈ,
ਮਹਿਲ ਨੇ ਕੀ ਦੱਸਣਾ ਏ, ਢਾਰਿਆਂ ਦਾ ਹਾਲ ਚਾਲ।

ਚੀਥੜੇ ਜੋ ਤੇੜ ਪਾਏ, ਦੱਸਦੇ ਨੇ ਬਾਰ ਬਾਰ,
ਬਾਲ ਰੂੜੀ ਫੋਲਦੇ, ਬੇਚਾਰਿਆਂ ਦਾ ਹਾਲ ਚਾਲ।

ਚੂਸ ਲੈਂਦੇ ਭੌਰ ਪਹਿਲਾਂ ਤਾਂ ਕਲੀ ਦੀ ਨਾੜ ਨਾੜ,
ਫੇਰ ਪਿੱਛੋਂ ਪੁੱਛਦੇ ਨੇ, ਸਾਰਿਆਂ ਦਾ ਹਾਲ ਚਾਲ।

ਊਜ ਲਾਉਣੀ ਦੂਸਰੇ ਤੇ, ਹੋਰ ਤੈਨੂੰ ਕੰਮ ਕੀ ਏ,
ਆਪਣੇ ਵੀ ਦੱਸ ਕੋਈ, ਕਾਰਿਆਂ ਦਾ ਹਾਲ ਚਾਲ।

ਜਦ ਮਿਲੇ ਕੁਰਸੀ ਤਾਂ ਏਨਾਂ ਭੁੱਲ ਜਾਦਾਂ ਲੀਡਰਾਂ ਨੂੰ,
ਲਾਰਿਆਂ ਦੀ ਮਾਰ ਹੱਥੋਂ, ਮਾਰਿਆਂ ਦਾ ਹਾਲ ਚਾਲ।

'ਰਾਜ' ਤੇਰੀ ਸੰਗ ਤੇਰਾ, ਆਪ ਬੇੜਾ ਡੋਬਿਆ,
ਕਾਸ਼ ਆਪੇ ਪੁੱਛ ਲੈਂਦੋਂ, ਪਿਆਰਿਆਂ ਦਾ ਹਾਲ ਚਾਲ।
•

ਸੋਨ ਚਿੜੀ ਰੁੱਖ ਉੱਤੇ ਬਹਿ ਕੇ, ਰੋਜ਼ ਉਡੀਕਾਂ ਕਰਦੀ।
ਦਿਨ ਢਲਿਆਂ ਮੁੜ ਆਵਣ ਪੰਛੀ, ਆਵੇ ਨ ਪਰ ਦਰਦੀ।

ਏਸ ਨਿਖੱਤੇ ਮੌਸਮ ਨੇ ਤਾਂ, ਸੂਰਜ ਬਰਫ਼ 'ਚ ਲਾਇਆ,
ਪਾਪਣ ਪੌਣ ਪੁਰੇ ਦੀ ਸ਼ੂਕੇ, ਜਾਪੇ ਹਾਉਕੇ ਭਰਦੀ।

ਮਾਂ ਨੇ ਮੈਨੂੰ ਚਰਖਾ ਦਿੱਤਾ, ਮੇਰੀ ਪਤ ਦਾ ਰਾਖਾ,
ਮੇਰੀ ਨ ਕਦੇ ਪੂਣੀ ਮੁੱਕੀ, ਕੱਤਾਂ ਗਰਮੀ ਸਰਦੀ।

ਫੁੱਲ ਕਪਾਹੀ ਨੂੰ ਜਦ ਪੈਂਦੇ, ਦਿਲ 'ਚੋਂ ਉੱਠਣ ਉਮੰਗਾਂ,
ਰਾਤ ਬਰਾਤੇ ਸੋਹਣੀ ਵਾਂਗੂੰ, ਰੋਜ਼ ਝਨਾਂ ਮੈਂ ਤਰਦੀ।

ਨਿੱਤ ਨਵੇਂ ਮੈਂ ਸੁਪਨੇ ਬੀਜਾਂ, ਦੇਹੀ ਵੱਤਰ ਮੇਰੀ,
ਤੇਰੇ ਬਿਨ ਮੈਂ ਸਿੰਜ ਲਹੂ ਨਾਲ, ਆਪੇ ਵੱਡੇ ਕਰਦੀ।
•



ਵੇਦਨਾ ਦੀ ਕਰ ਮੁਸ਼ੱਕਤ, ਮੈਂ ਕਮਾਈ ਭਟਕਣਾ।
ਰਾਹ ਕੁਵੱਲਾ ਬਿਰਹੜੇ ਦਾ, ਹੈ ਸਹਾਈ ਭਟਕਣਾ।

ਪਿਆਰ ਮੇਰੇ ਨਾਲ ਕਿੰਨਾਂ, ਰਚ ਗਈ ਨਸ ਨਸ 'ਚ ਇਹ,
ਜ਼ਿੰਦਗੀ ਵਿਚ ਇਸ ਤਰ੍ਹਾਂ, ਮੇਰੇ ਸਮਾਈ ਭਟਕਣਾ।

ਭਾਲ਼ਦੀ ਸੀ ਸਾਥ ਮੇਰਾ, ਇਹ ਯੁਗਾਂ ਤੋਂ ਦੋਸਤੋ,
ਪਾਉਣ ਦਿੰਦੀ ਨਾ ਪਲਾਂ ਦੀ, ਹੁਣ ਜੁਦਾਈ ਭਟਕਣਾ।

ਇਹ ਖ਼ੁਸ਼ੀ ਦੇ ਵਾਂਗਰਾਂ ਨਾ ਬੇਵਫਾ ਹੋਈ ਕਦੇ,
ਪਰਤ ਜਾਂਦੀ ਹੈ ਖ਼ੁਸ਼ੀ ਰਹਿੰਦੀ ਸਥਾਈ ਭਟਕਣਾ।

ਇਸ ਬਿਨਾਂ ਮੇਰੀ ਕਦੇ ਵੀ, ਇਕ ਘੜੀ ਨਾ ਲੰਘਦੀ,
ਚਾਅ ਚੜ੍ਹੇ ਮੈਨੂੰ ਜਦੋਂ ਦੇਵੇ ਦਿਖਾਈ ਭਟਕਣਾ।

ਕੌਣ ਸਮਝੇ ਰੋਗ ਮੇਰਾ, ਕੀ ਕਿਸੇ ਨੂੰ ਭੇਦ ਹੈ,
ਇਹ ਬਿਮਾਰੀ ਆਤਮਾ ਦੀ, ਹੈ ਦਵਾਈ ਭਟਕਣਾ।

ਜਾਪਦਾ ਹੈ ਇਹ ਬਣੀ ਹੈ, ਸਿਰਫ਼ ਮੇਰੇ ਵਾਸਤੇ,
ਲੈ ਸਿਤਾਰੇ ਅੰਬਰਾਂ ਤੋਂ, ਹੈ ਸਜਾਈ ਭਟਕਣਾ।
•

ਇਕ ਜਨਾਜ਼ਾ ਲੈ ਤੁਰੇ, ਤੇ ਇਕ ਜਲ਼ਾ ਕੇ ਆ ਗਏ।
ਇਕ ਉਡੀਕਣ ਹਸ਼ਰ ਨੂੰ, ਤੇ ਇਕ ਮੁਕਤੀ ਪਾ ਗਏ।

ਖਾਕ ਦਾ ਪੁਤਲਾ ਜਦੋਂ ਵੀ, ਖਾਕ ਹੋਇਆ ਅੰਤ ਨੂੰ,
ਕੁਛ ਪਏ ਮਾਤਮ ਮਨਾਉਂਦੇ, ਕੁਛ ਮਕਾਣੀਂ ਧਾ ਗਏ।

ਮਰ ਗਏ ਨੇ ਲੋਕ ਜਿਹੜੇ, ਮੌਤ ਆਪੋ ਆਪਣੀ,
ਗੁਣ ਤੇ ਔਗੁਣ ਆਪਣੇ, ਲੋਕਾਂ ਨੂੰ ਆਖਣ ਲਾ ਗਏ।

ਕੋਲ਼ ਨਾ ਆਏ ਕਦੇ ਵੀ, ਜੀਂਦਿਆਂ ਜੋ ਆਦਮੀ,
ਆਣ ਕੇ ਫਿਰ ਮੌਤ ਮਗਰੋਂ, ਬੈਠ ਸੋਲ੍ਹੇ ਗਾ ਗਏ।

ਧਰਮ ਦੀ ਪੇਚੀਦਗੀ, ਤੇ ਮਜ਼ਹਬਾਂ ਦੇ ਫਲਸਫੇ,
ਇਸ ਕਜ਼ਾ ਦੇ ਰੰਗ ’ਤੇ, ਅਪਣਾ ਹੀ ਰੰਗ ਚੜ੍ਹਾ ਗਏ।

ਜਿੱਤਣਾ ਕਿਸ ਮੌਤ ਨੂੰ, ਇਹ ਮੌਤ ਸਭ ਨੂੰ ਜਿੱਤਦੀ,
‘ਰਾਜ’ ਕੁਛ ਮਰਜੀਵੜੇ, ਮਰ ਕੇ ਵੀ ਜੀਵਨ ਪਾ ਗਏ।
•



ਹਾਦਸਾ ਦਰ ਹਾਦਸਾ, ਹਰ ਮੋੜ ਤੇ ਮਿਲਦਾ ਰਿਹਾ।
ਵਕਤ ਦਾ ਖੰਜਰ ਜਦੋਂ, ਹਾਲਾਤ ਨੂੰ ਛਿਲਦਾ ਰਿਹਾ।

ਬਿਰਖ ਦੇ ਪੱਤੇ ਹਨੇਰੀ ਲੈ ਗਈ ਸਾਰੇ ਉਡਾ,
ਇਕ ਮਗਰ ਪੱਤਾ ਹਠੀਲਾ, ਸ਼ਾਖ ਤੇ ਹਿਲਦਾ ਰਿਹਾ।

ਕੀ ਸਨਮ ਦੇ ਫੈਸਲੇ ਨੇ ਕੀ ਸਨਮ ਦੇ ਹੌਸਲੇ,
ਫੱਟ ਦਿੱਤੇ ਆਪ ਹੀ, ਆਪੇ ਹੀ ਉਹ ਸਿਲਦਾ ਰਿਹਾ।

ਅੱਜ ਤੀਕਰ ਯਾਦ ਹੈ, ਸਾਨੂੰ ਤਮਾਸ਼ਾ ਜ਼ਿੰਦਗੀ,
ਭੌਰਿਆਂ ਤੋਂ ਛੁਪ-ਛੁਪਾ ਕੇ, ਫੁਲ ਜਦੋਂ ਖਿਲਦਾ ਰਿਹਾ।

ਜੋ ਰਿਹਾ ਮੁਨਕਰ ਹਮੇਸ਼ਾ, ਇਸ਼ਕ ਦੇ ਇਲਜਾਮ ਤੋਂ,
ਹੱਥ ਬਰਬਾਦੀ ’ਚ ਸਾਡੀ, ਓਸ ਕਮਦਿਲ ਦਾ ਰਿਹਾ

ਹੋ ਅਗਾਊਂ ਹੀ ਗਿਆ, ਇਮਕਾਨ ਸੀ ਤੂਫਾਨ ਦਾ,
‘ਰਾਜ’ ਬੇਬਸ ਨਾਖੁਦਾ, ਬੇੜੀ ਮਗਰ ਠਿਲਦਾ ਰਿਹਾ
•

ਕਰਨੀ ਜਫ਼ਾ ਵੀ ਆ ਗਈ, ਲਾਰੇ ਵੀ ਲਾਉਣੇ ਆ ਗਏ।
ਹੰਕਾਰ ਕਰਨਾ ਆ ਗਿਆ, ਦਿਲ ਵੀ ਦੁਖਾਉਣੇ ਆ ਗਏ।

ਦਿਲਬਰ ਮਿਰੇ ਦਾ ਸ਼ੌਂਕ ਸੀ, ਮੋਰਾਂ ਨੂੰ ਨਚਦੇ ਦੇਖਣਾ,
ਪਰ ਹੁਣ ਨਹੀਂ ਹੁਣ ਓਸ ਨੂੰ, ਬੰਦੇ ਨਚਾਉਣੇ ਆ ਗਏ।

ਬੂਟਾ ਲਗਰ ਤੋਂ ਮੌਲ ਕੇ ਪੂਰਾ ਬਰੋਟਾ ਹੋ ਗਿਆ,
ਹਰ ਡਾਲ ’ਤੇ ਨਿਤ ਹੀ ਨਵੇਂ, ਪੰਛੀ ਬਿਠਾਉਣੇ ਆ ਗਏ।

ਵਰ੍ਹਦਾ ਕਿਤੇ ਜਾ ਹੋਰ ਹੈ, ਤਰਸੇ ਅਸੀਂ ਇਕ ਬੂੰਦ ਨੂੰ,
ਇਸ ਮੇਘ ਨੂੰ ਤਾਂ ਰੋਜ਼ ਹੀ, ਬ੍ਹਾਨੇ ਬਣਾਉਣੇ ਆ ਗਏ।

ਹੁਣ ਤਾਂ ਬਿਗਾਨੇ ਗੀਤ ਵੀ, ਅਪਣਾ ਲਏ ਨੇ ਓਸ ਨੇ,
ਦੋ ਚਾਰ ਜਦ ਤੋਂ ਓਸ ਨੂੰ ਵੀ ਸੁਰ ਸਜਾਉਣੇ ਆ ਗਏ।

ਹੁਣ ਤਾਂ ਸਮਝਦੇ ਲੋਕ ਵੀ, ਉਸ ਦੇ ਇਸ਼ਾਰੇ ਦੋਸਤੋ,
ਐਨੀ ਜੁ ਛੇਤੀ ਓਸ ਨੂੰ, ਜਾਦੂ ਚਲਾਉਣੇ ਆ ਗਏ।
•





ਰੋੜੀ ਸੜਕ ਤੇ ਕੁੱਟ ਕੇ, ਜਦ ਪੇਟ ਪੈਂਦੇ ਪਾਲਣੇ।
ਰੀਝਾਂ ਦੇ ਵਰਕੇ ਪਾੜ ਕੇ ਆਪੇ ਹੀ ਪੈਂਦੇ ਜਾਲਣੇ।

ਮੂੰ-ਹਨੇਰੇ ਉਡ ਗਏ, ਜੋ ਚੋਗ ਲੱਭਣ ਵਾਸਤੇ,
ਪੰਛੀ ਬਚਾਵਣ ਕਿਸ ਤਰ੍ਹਾਂ ਹੁਣ ਸ਼ਿਕਰਿਆਂ ਤੋਂ ਆਲ੍ਹਣੇ।

ਇਕ ਬਾਲ ਕਾਰਾਂ ਮੰਗਦੇ, ਕਾਰਾਂ ਫਟਾਫਟ ਮਿਲਦੀਆਂ,
ਇਕ ਬਾਲ ਰੋਟੀ ਭਾਲ਼ਦੇ, ਰੋਟੀ ਤੋਂ ਪੈਂਦੇ ਟਾਲਣੇ।

ਤੂੰ ਕਰ ਮੁਸ਼ੱਕਤ ਬੰਦਿਆ, ਖਾਣਾ ਜੇ ਹੱਕ ਹਲਾਲ ਦਾ,
ਪੈਣੇ ਨੇ ਏਥੇ ਫੇਰ ਤਾਂ, ਹੱਡਾਂ ਦੇ ਬਾਲਣ ਬਾਲਣੇ।

ਚੁੱਕਣ ਸਿਰਾਂ ਤੇ ਟੋਕਰੀ, ਮਾਵਾਂ ਕਮਾਈ ਕਰਦੀਆਂ,
ਝੋਲੀ ’ਚ ਰੋਂਦੇ ਬਾਲ ਵੀ, ਪੈਂਦੇ ਸਦਾ ਸੰਭਾਲਣੇ।

ਡ੍ਹਾਢੇ ਜਿਦਾਂ ਕਰਦੇ ਜਦੋਂ, ਲਾਚਾਰ ਨੇ ਮਰਦੇ ਉਦੋਂ,
ਜ਼ਾਲਿਮ ਜਦੋਂ ਹਾਕਮ ਬਣੇਂ, ਇਨਸਾਫ ਕਿਸ ਤੋਂ ਭਾਲਣੇ।
•

ਜ਼ਿੰਦਗੀ ਅਪਣੀ ’ਚ ਖ਼ੁਦ ਹੀ, ਜ਼ਹਿਰ ਭਰਨਾ ਯਾਦ ਹੈ।
ਇਸ਼ਕ ਦੇ ਰਾਹਾਂ ’ਚ ਪਹਿਲਾ, ਪੈਰ ਧਰਨਾ ਯਾਦ ਹੈ।

ਬੇਬਸੀ ਵਿਚ ਹੀ ਕਦੇ, ਆਇਆ ਜੋ ਸਾਡੇ ਕੋਲ ਸੀ,
ਉਸ ਬਿਨਾਂ ਐਪਰ ਕਦੇ, ਸਾਡਾ ਨ ਸਰਨਾ ਯਾਦ ਹੈ।

ਬਚ-ਬਚਾ ਕੇ ਵੇਲ ਆ ਕੇ, ਬਿਰਖ਼ ਨੂੰ ਸੀ ਲਿਪਟਦੀ,
ਬਿਰਖ ਦਾ ਫਿਰ ਵੇਲ ਖ਼ਾਤਿਰ, ਧੁੱਪ ਜਰਨਾ ਯਾਦ ਹੈ।

ਜਦ ਕਿਤੇ ਬਲ਼ਦੀ ਸ਼ਮਾਂ ਤਾਂ ਆਪ ਵਾਜਾਂ ਮਾਰਦੀ,
ਝੂਮ ਕੇ ਪਰਵਾਨਿਆਂ ਦਾ, ਸੜ ਕੇ ਮਰਨਾ ਯਾਦ ਹੈ।

ਲੁੱਟ ਲੈਣਾ ਮਹਿਫਲਾਂ ਨੂੰ, ਗੀਤ ਗਾ ਕੇ ਆਪਣਾ,
ਜਾਣ ਬੁਝ ਕੇ ਪਰ ਕਿਸੇ ਤੋਂ, ਫੇਰ ਹਰਨਾ ਯਾਦ ਹੈ।

ਖੇਲ੍ਹਦੀ ਰਹਿਣਾ ਨਦੀ ਨੇ, ਸਾਹਿਲਾਂ ਦੇ ਨਾਲ ਜਦ,
ਖੇਲ੍ਹ ਦੇ ਵਿਚ ਹਰ ਸਮੇਂ ਸਾਹਿਲ ਦਾ ਖਰ੍ਹਨਾ ਯਾਦ ਹੈ।

ਜ਼ਿੰਦਗੀ ’ਚੋਂ ਗ਼ਮ ਨਫੀ ਹੋਣਾ ਸੀ ਉਸ ਨੂੰ ਭੁੱਲ ਕੇ,
ਬੇਖ਼ੁਦੀ ਵਿਚ ‘ਰਾਜ’ ਨੂੰ ਫਿਰ, ਯਾਦ ਕਰਨਾ ਯਾਦ ਹੈ।
•



ਚਾਰ ਦਿਨ ਦੀ ਜ਼ਿੰਦਗੀ ਹੈ ਚਾਰ ਦਿਨ ਤੋਂ ਬਾਦ ਕੀ?
ਫਿਰ ਸੁਣੇਗਾ ਕੌਣ ਤੇਰੇ, ਹੁਕਮ ਕੀ ਫਰਿਆਦ ਕੀ।

ਹੱਲ ਹੋਇਆ ਨਾ ਕਿਸੇ ਤੋਂ, ਜ਼ਿੰਦਗੀ ਕੈਸਾ ਸਵਾਲ,
ਫੇਲ ਸਾਰੇ ਹੋ ਗਏ, ਸ਼ਾਗਿਰਦ ਕੀ ਉਸਤਾਦ ਕੀ।

ਆਪ ਕੀਤੇ ਕਰਮ ਮਾੜੇ, ਹੁਣ ਉਲਾਹਮਾ ਕੇਸ ਨੂੰ,
ਨਾ ਕਿਸੇ ਨੇ ਬਹੁੜਨਾ, ਮਾਂ ਬਾਪ ਕੀ, ਔਲਾਦ ਕੀ।

ਜੇਸ ਨੇ ਖ਼ੁਦ ਖਾ ਲਈ ਹੈ, ਵੇਚ ਕੇ ਹੀ ਆਤਮਾ,
ਨਰਕ ਹੀ ਉਸ ਦੀ ਹਯਾਤੀ, ਉਹ ਫਿਰੇ ਆਜਾਦ ਕੀ।

ਬੰਦ ਅੱਖਾਂ ਨਾਲ ਹੀ, ਜਿਸ ਨੇ ਭਰੋਸਾ ਕਰ ਲਿਆ,
ਥਿੜਕਦਾ ਨਾ ਉਹ ਕਦੇ ਵੀ, ਤਰਕ ਕੀ ਸੰਵਾਦ ਕੀ।

ਇਕ ਨੂੰ ਸਭ ਤੋੜਦੇ ਨੇ, ਇਕ ਸਭ ਨੂੰ ਤੋੜਦਾ,
ਓਸ ਦੀ ਕਾਰੀਗਰੀ ਹੈ, ਫੁੱਲ ਕੀ ਫੌਲਾਦ ਕੀ।

ਏਸ ’ਚੋਂ ਨਾ ਮੌਲਦਾ ਏ, ਬੀਜਿਆ ਬੀ ਪ੍ਰੇਮ ਦਾ,
‘ਰਾਜ’ ਤੇਰਾ ਗੁਲਿਸਤਾਂ, ਆਬਾਦ ਕੀ ਬਰਬਾਦ ਕੀ।
•

□

ਮਿਟ ਗਏ ਕੁਛ ਫਾਸਲੇ, ਕੁਛ ਹੋਰ ਨੇੜੇ ਆ ਗਈ।
ਨੱਚ ਲੈ ਮਨ ਮੋਰ ਤੂੰ, ਲਾਰਾ ਘਟਾ ਹੈ ਲਾ ਗਈ

ਸੰਗਦੇ ਨੈਣਾਂ ਦੇ ਵਿਚੋਂ ਹਾਲ ਦਿਲ ਦਾ ਪੜ੍ਹ ਲਿਆ,
ਮੋਹ ਗੜੁੱਚੀ ਇਕ ਨਜ਼ਰ, ਮਿਲ ਕੇ ਝੁਕੀ, ਸ਼ਰਮਾ ਗਈ।

ਰੁਸ ਗਈ ਸੀ ਜੋ ਕਲੀ, ਉਹ ਫੁੱਲ ਬਣ ਕੇ ਆ ਮਿਲੀ,
ਪਤਝੜਾਂ ਦੇ ਨਾਲ ਨਾਲ, ਬਹਾਰ ਫੇਰਾ ਪਾ ਗਈ।

ਲਾ-ਇਲਾਜੇ ਰੋਗ ਤੋਂ ਪਾਈ ਸ਼ਫਾ ਪਲ ਭਰ ’ਚ ਹੀ,
ਜ਼ਿੰਦਗੀ ਹੈਰਾਨ ਹੋ ਕੇ, ਮਨ ਹੀ ਮਨ ਮੁਸਕਾ ਗਈ।

ਮੈਂ ਤਾਂ ਜੁਗਨੂੰ ਟੋਲਦਾ ਸੀ ਚੰਨ ਝੋਲੀ ਪੈ ਗਿਆ,
ਇਉਂ ਹਨੇਰੀ ਰਾਤ ਮੇਰੀ, ਖ਼ੁਦ-ਬ-ਖ਼ੁਦ ਰੁਸ਼ਨਾ ਗਈ।

ਆ ਗਈ ਖ਼ੁਦ ਚੱਲ ਕੇ ਮੰਜਲ ਜੁ ਰਾਹੀ ਕੋਲ ਨੂੰ,
ਮਿਹਰ ਹੋਈ ਰੱਬ ਦੀ, ਵਸਲਾਂ ਦੇ ਦੀਪ ਜਗਾ ਗਈ।

ਧਿਜ ਗਈ ਕਿਸਮਤ ਤਿਰੇ ’ਤੇ, ‘ਰਾਜ’ ਅਪਣੇ ਆਪ ਹੀ,
ਲੱਭ ਕੇ ਨਾਯਾਬ ਮੋਤੀ ਝੋਲ ਤੇਰੀ ਪਾ ਗਈ।

•



□

ਕਲਮ ਤੇਰੀ ’ਚ ਭਾਵੇਂ, ਵੱਸਦੀ ਜਾਦੂਗਰੀ ਏ।
ਜਲ਼ਾਪੇ ਦੀ ਜ਼ਹਿਰ ਕਿੰਨੀ, ਤੇਰੇ ਅੰਦਰ ਭਰੀ ਏ।

ਬੜੇ ਉੱਚੇ ਤੇ ਸੁੱਚੇ, ਸਿਰਜਦੈਂ ਰਹਿਨੈ ਤੂੰ ਪਾਤਰ,
ਜਗਤ ਦੇ ਪਾਤਰਾ ਇਹ ਕਰਮ ਤਾਂ ਆਡੰਬਰੀ ਏ।

ਹਵਾ ’ਚੋਂ ਸ਼ਬਦ ਚੁਣਨੇ, ਹਾਰ ਸਤਰਾਂ ਦੇ ਪਿਰੋਣੇ,
ਕਰੇਂ ਦਾਗੀ ਜਿਨ੍ਹੂੰ ਅਸਚਰਜ ਉਹ ਕਾਰੀਗਰੀ ਏ।

ਉਧਾਰੇ ਇਲਮ ਦੇ ਸਿਰ ਤੇ, ਜਿਰਹ ਕਰਦੈਂ ਬਥੇਰੀ,
ਮਤੇ ਇਲਹਾਮ ਤੈਨੂੰ, ਹੋ ਗਿਆ ਪੈਗੰਬਰੀ ਏ।

ਬਲੇਂ ਆਪੂੰ ਬਥੇਰਾ, ਤੇ ਲਹੂ ਹੋਰਾਂ ਦਾ ਬਾਲੇਂ,
ਬਣਾ ਦੇਵੇਂ ਤੂੰ ਭਾਂਬੜ, ਗੱਲ ਜਿਹੜੀ ਸਰਸਰੀ ਏ।

ਸਕਾ ਹੈ ਕੌਣ ਤੇਰਾ, ਇਹ ਕਦੇ ਨਾ ਜਾਣਿਆ ਤੂੰ,
ਰਫ਼ੀਕ ਤੇਰਾ ਹੀ ਤੇਰੀ, ਕਰਕੇ ਜਾਂਦਾ ਮੁਖ਼ਬਰੀ ਏ।

ਖ਼ੁਸ਼ੀ ਏਸੇ ’ਚ ਉਸ ਦੀ, ਦਿਲ ਦੁਖਾ ਕੇ ਸੁੱਖ ਪਾਉਂਦੈ,
ਚਲਾ ਕੇ ਆਪ ਖੰਜ਼ਰ, ਫਿਰ ਵਜਾਉਂਦਾ ਖੰਜ਼ਰੀ ਏ।

ਨਿਗਲ ਜਾਊ ਹਨੇਰਾ, ਇਸ ਭਟਕਦੀ ਰੌਸ਼ਨੀ ਨੂੰ,
ਰਹੂ ਬੇਬਸ ਹੀ ਲਗਦੈ, ਰਹਿਬਰਾਂ ਦੀ ਰਹਿਬਰੀ ਏ।

•

□

ਇੰਝ ਸਫ਼ਿਆਂ ਕੋਰਿਆਂ ’ਤੇ, ਛਾ ਗਏ ਖ਼ਾਮੋਸ਼ ਨਗ਼ਮੇਂ।
ਨਾਸਮਝ ਮੇਰੀ ਕਲਮ ਨੂੰ, ਭਾ ਗਏ ਖ਼ਾਮੋਸ਼ ਨਗ਼ਮੇਂ।

ਬੋਲਿਆਂ ਬਿਨ ਯਾਰੜੇ ਨੂੰ, ਆਖ ਦਿੱਤੀ ਗੱਲ ਦਿਲ ਦੀ,
ਅੱਖ ਨੂੰ ਰਮਜਾਂ ਦਾ ਵੱਲ ਸਿਖਾ ਗਏ ਖ਼ਾਮੋਸ਼ ਨਗ਼ਮੇਂ

ਬੇਸੁਰਾ ਹਰਗਿਜ਼ ਨਹੀਂ ਮੈਂ, ਬੇਸੁਰਾ ਕਿਉਂ ਆਖਦੇ ਹੋ,
ਸੁਰ ਸਜਾ ਮੈਨੂੰ ਜੁ ਗਾਉਣੇ ਆ ਗਏ ਖ਼ਾਮੋਸ਼ ਨਗ਼ਮੇਂ।

ਇਹ ਹਕੀਕੀ ਤੇ ਮਜਾਜ਼ੀ, ਇਸ਼ਕ ਭਰਦਾ ਏ ਗਵਾਹੀ,
ਪਾਰ ਡੁਬਦੇ ਆਸ਼ਕਾਂ ਨੂੰ, ਲਾ ਗਏ ਖ਼ਾਮੋਸ਼ ਨਗ਼ਮੇਂ।

ਟੋਲ਼ਦਾ ਜਿਸ ਨੂੰ ਰਿਹਾ ਮੈਂ, ਆਲ ਤੇ ਪਾਤਾਲ ਦੇ ਵਿਚ,
ਆਪਣੇ ਅੰਦਰ ਹੀ ਉਸ ਨੂੰ ਪਾ ਗਏ ਖ਼ਾਮੋਸ਼ ਨਗ਼ਮੇਂ।

ਧੁੰਦ ਛਾਈ ਕੂੜ ਦੀ ਜਦ, ਹਰ ਸਫ਼ਰ ਮੰਜਿਲ ਤਲਾਸ਼ੇ,
ਹੱਥ ਫੜ ਰਾਹ ਜ਼ਿੰਦਗੀ ਦੇ, ਪਾ ਗਏ ਖ਼ਾਮੋਸ਼ ਨਗ਼ਮੇਂ

•



□

ਕੱਦ ਮੇਰਾ ਆਪਣਾ ਹੀ, ਰੀਝ ਦੇ ਨਾ ਹਾਣ ਦਾ।
ਦਿਲ ਮਿਰੇ ਹੋਣਾ ਨ ਹਾਸਿਲ, ਜੋ ਰਹੇਂ ਤੂੰ ਠਾਣ ਦਾ।

ਖ਼ਾਬ ਤੇਰਾ ਜ਼ਿੰਦਗੀ ਵੀ, ਖ਼ਾਬ ਤੇਰਾ ਮੌਤ ਵੀ,
ਇਕ ਹੈ ਤੇਰੇ ਆਉਣ ਦਾ ਤੇ, ਇਕ ਹੈ ਤੇਰੇ ਜਾਣ ਦਾ।

ਠਹੁਰ ਤੇਰੀ ਦਾ ਪਤਾ, ਦਿੱਤਾ ਨਹੀਂ ਤੂੰ ਆਪ ਵੀ,
ਹਰ ਗਲੀ ਦੀ ਖਾਕ ਮੈਂ, ਆਪੇ ਰਿਹਾ ਸੀ ਛਾਣਦਾ।

ਰੱਖ ਜਾ ਤੂੰ ਹੀ ਫਿਹਾ, ਮੇਰੇ ਕੁਆਰੇ ਜ਼ਖ਼ਮ ਤੇ,
ਵੱਲ ਕੋਈ ਤੂੰ ਸਿਖਾ ਦੇ, ਦੋਸਤਾ ਗ਼ਮ ਖਾਣ ਦਾ।

ਓਸ ਨੇ ਸੁਣਿਆ ਨਹੀਂ ਏ, ਮੈਂ ਸੁਣਾਇਆ ਜੇਸ ਨੂੰ,
ਛੇੜ ਕਿੱਸਾ ਬਹਿ ਗਿਆਂ, ਸੱਧਰਾਂ ਦੇ ਹੋਏ ਘਾਣ ਦਾ

ਸ਼ੁਕਰੀਆ ਤੇਰਾ ਕਰਮ, ਏਨਾਂ ਜੁ ਮੇਰਾ ਸੋਚਦੈਂ,
ਭੇਜਿਆ ਏ ਤੂੰ ਸੁਨੇਹਾ, ਬੀਤਿਆ ਭੁਲ ਜਾਣ ਦਾ।

ਯਾਦ ਉਹਦੀ ਨਾਲ ਹੀ, ਮੇਰੀ ਸਰੂਰੇ ਜ਼ਿੰਦਗੀ,
ਕੀ ਕਰਾਂ ਸਾਕੀ ਬਹਾਨਾ, ਜਾਮ ਨੂੰ ਠੁਕਰਾਣ ਦਾ।

ਰਾਜ ਨੂੰ ਫੜਕੇ ਕਲਮ, ਐਸੀ ਚੜ੍ਹੇ ਦੀਵਾਨਗੀ,
ਆਪ ਲਿਖਦਾ ਦਰਦ ਉਹ, ਆਪੇ ਹੀ ਰਹਿੰਦਾ ਮਾਣਦਾ

•

ਹੋਰ ਸੀ ਇਨਸਾਨ ਜਿਹੜਾ ਹੋਰ ਕੀਤਾ ਈਰਖਾ ਨੇ।
ਆਦਮੀ ਜੀਕਣ ਬਦਲ ਕੇ, ਢੋਰ ਕੀਤਾ ਈਰਖਾ ਨੇ।

ਤਕੜਿਆਂ ਮੂਹਰੇ ਜਦੋਂ ਨਾ,ਪੇਸ਼ ਚੱਲੀ ਏਸ ਦੀ ਤਾਂ,
ਝੱਟ ਜੇ ਕੇ ਮਾੜਿਆਂ ਤੇ, ਜ਼ੋਰ ਕੀਤਾ ਈਰਖਾ ਨੇ।

ਜਦ ਖ਼ੁਸ਼ੀ ਦੇਖੀ ਕਦੇ ਅਪਣੇ ਗਵਾਂਢੀ ਦੇ ਘਰੇ ਤਾਂ,
ਪਿੱਟ ਕੇ ਘਰ ਆਪਣੇ ਫਿਰ, ਸ਼ੋਰ ਕੀਤਾ ਈਰਖਾ ਨੇ।

ਪਾਪ ਹੁੰਦਾ ਦੇਖ ਕੇ ਪਹਿਲਾਂ ਤਾਂ ਰਹਿੰਦੇ ਚੁੱਪ ਲੋਕੀ,
ਆਖਦੇ ਫਿਰ ਪਾਪ ਦੇਖੋ ਘੋਰ ਕੀਤਾ ਈਰਖਾ ਨੇ।

ਥਿੜਕਦੇ ਕਿਰਦਾਰ ਵਾਲੇ, ਬੂਬਨੇ ਹੀ ਹਰ ਜਗ੍ਹਾ ਤੇ,
ਸਾਧ ਕੀ ਤੇ ਸੰਤ ਕੀ, ਹਰ ਚੋਰ ਕੀਤਾ ਈਰਖਾ ਨੇ।

ਰਹਿਬਰਾਂ ਨੇ ਸਿਰਜਿਆ, ਬੇਬਾਕ ਏਨਾ ਆਦਮੀ ਨੂੰ,
ਬੰਦਿਆ ਤੈਨੂੰ ਕਿਵੇਂ, ਕਮਜ਼ੋਰ ਕੀਤਾ ਈਰਖਾ ਨੇ।
•



ਪਈ ਨਾ ਖ਼ੈਰ ਕਿਧਰੋਂ, ਮੇਰੀਆਂ ਦਰਵੇਸ਼ ਰੀਝਾਂ ਨੂੰ।
ਤੁਸੀਂ ਵੀ ਮੋੜਿਆ ਖਾਲੀ, ਲਗਾ ਕੇ ਠੇਸ ਰੀਝਾਂ ਨੂੰ।

ਲਿਖਾਇਆ ਹੈ ਧੁਰੋਂ ਇਹਨਾਂ, ਕਿਤੋਂ ਨਾਂ ਪੂਰੀਆਂ ਹੋਣਾ,
ਨਵੀਂ ਕੋਈ ਸਦਾ ਅੜਚਨ, ਰਹੀ ਦਰਪੇਸ਼ ਰੀਝਾਂ ਨੂੰ।

ਖੁਸ਼ੀ ਖੇੜੇ ਅਤੇ ਆਨੰਦ ਲੈ ਆਈਆਂ ਬਹਾਰਾਂ ਜਦ,
ਅਚਾਨਕ ਹੀ ਕਿਤੋਂ ਆਇਆ ਹੈ ਸਦਮਾ ਪੇਸ਼ ਰੀਝਾਂ ਨੂੰ।

ਤੇਰੇ ਹਾਸੇ ਤੇ ਹੱਕ ਤੇਰਾ, ਤੇਰੇ ਹੌਕੇ ਮਿਲਣ ਮੈਨੂੰ,
ਸੁਣਾ ਰਖਿਆ ਅਸੀਂ ਤਾਂ ਸਖ਼ਤ ਇਹ ਆਦੇਸ਼ ਰੀਝਾਂ ਨੂੰ।

ਇਹ ਤਿਰੇ ਦਿਲ ਤੇ ਦਸਤਕ ਦਿੰਦੀਆਂ ਨੇ 'ਰਾਜ' ਉਮਰਾਂ ਤੋਂ,
ਤਿਰੇ ਦਿਲ ਵਿਚ ਨਹੀਂ ਮਿਲਿਆ ਕਦੇ ਪਰਵੇਸ਼ ਰੀਝਾਂ ਨੂੰ।
•

ਧਰਤ ਨੂੰ ਬਣਾ ਦੇਣਗੇ ਨਰਕ ਲੋਕੀ।
ਗਏ ਹੱਦ ਤੋਂ ਵੱਧ ਨੇ ਗਰਕ ਲੋਕੀ।

ਨਦੀ ਨਾਲਿਆਂ ਵਿਚ ਰਹੇ ਘੋਲ਼ ਜਹਿਰਾਂ,
ਸਫਾਈ 'ਚ ਫਿਰ ਦੇ ਰਹੇ ਤਰਕ ਲੋਕੀ।

ਵਰ੍ਹਾਉਂਦੇ ਨੇ ਬੱਦਲ਼ ਮਟੈਲਾ ਹੀ ਪਾਣੀ,
ਭਲਾ ਜਾਣਦੇ ਨਾ ਇਹੋ ਫਰਕ ਲੋਕੀ।

ਜਦੋਂ ਦੈਂਤ ਧੂਏਂ ਦਾ ਕਾਬੂ ਨ ਆਉਂਦਾ,
ਉਦੋਂ ਦੂਰ ਨੂੰ ਜਾਣ ਫਿਰ ਸਰਕ ਲੋਕੀ।

ਪੈ ਗਈਆਂ ਤਬੀਬਾਂ ਦੀ ਚੌਖਟ ਤੇ ਭੀੜਾਂ,
ਫਕਤ ਹਰ ਘੜੀ ਹੀ ਰਹੇ ਘਰਕ ਲੋਕੀ

ਨਜ਼ਰ ਮਾਰ ਕੇ ਐਟਮੀ ਭਬਕਿਆਂ ਨੂੰ,
ਸਮਝ ਦਾਮਿਨੀ ਦੀ ਰਹੇ ਜਰਕ ਲੋਕੀ।

ਚਲਾ ਕੇ ਅਜਬ ਆਤਸ਼ੀ ਘੋੜਿਆਂ ਨੂੰ,
ਮੜਕ ਨਾਲ ਨੇ ਪਾਲਦੇ ਠਰਕ ਲੋਕੀ।

ਜਦੋਂ ਰਾਜ ਸਮਝਾਉਣ ਦਾ ਯਤਨ ਕਰਦਾ,
ਸਦਾ ਤੋੜਦੇ ਉਸ ਤੋਂ ਸੰਪਰਕ ਲੋਕੀ।
•





ਜਗ੍ਹਾ ਆਪੇ ਸ਼ਮਾਂ, ਆਪੇ ਬੁਝਾਵੇ, ਸੰਗਦਿਲ ਮਾਹੀ।
ਹਸਾਉਂਦਾ ਹੈ ਦਿਨੇ, ਰਾਤੀਂ ਰੁਆਵੇ, ਸੰਗਦਿਲ ਮਾਹੀ।

ਤਬੀਬਾ ਟੋਲ਼ਦਾ ਤੂੰ ਨਬਜ਼, ਮੇਰਾ ਰੋਗ ਨਾ ਜਾਣੇਂ,
ਮੇਰੇ ਦਰਦਾਂ ਤੋਂ ਮੈਨੂੰ ਆ ਛੁਡਾਵੇ, ਸੰਗਦਿਲ ਮਾਹੀ।

ਕਦੇ ਟਾਹਣੀ ਹਿਲਾ ਕੇ, ਜਿੰਦ ਮੇਰੀ ਨੂੰ ਡਰਾ ਦੇਵੇ,
ਤਲੀ ਤੇ ਚੋਗ ਫਿਰ ਆਪੇ ਚੁਗਾਵੇ, ਸੰਗਦਿਲ ਮਾਹੀ।

ਸੁਰਾਂ ਮੈਂ ਬੀਜੀਆਂ ਪੌਣਾਂ ਚ, ਉੱਗੇ ਗੀਤ ਮਹਿਕਾਂ ਦੇ,
ਕੁਈ ਤਾਂ ਗੀਤ ਹੋਠਾਂ ਨੂੰ ਛੁਹਾਵੇ ਸੰਗ ਦਿਲ ਮਾਹੀ।

ਕਹਾਣੀ ਮਹਿਕਦੇ ਰਿਸ਼ਤੇ ਦੀ, ਜੀ ਕਰਦਾ ਏ ਸੁਣਨੇ ਨੂੰ,
ਮਤਾਂ ਅਪਣੇ ਹੀ ਮੂੰਹੋਂ, ਕਹਿ ਸੁਣਾਵੇ ਸੰਗਦਿਲ ਮਾਹੀ।

ਹਯਾਤੀ ਕੰਬ ਕੇ ਮੇਰੇ ਤੋਂ, ਰੁੱਸੀ ਦੂਰ ਜਾ ਬੈਠੀ,
ਮੈਂ ਚਾਹਾਂ ਲੱਭ ਕੇ ਉਸ ਨੂੰ ਲਿਆਵੇ ਸੰਗਦਿਲ ਮਾਹੀ।
•

ਅੰਦਰ ਹੀ ਅੰਦਰ ਬਲ਼ ਰਹੇ, ਉਪਰੋਂ ਤਾਂ ਠੰਡੇ ਸੀਤ ਨੇ।
ਮੇਰੀ ਉਦਾਸੀ ਦਾ ਸਬਬ, ਬਣਦੇ ਮਿਰੇ ਹੀ ਗੀਤ ਨੇ।

ਕੁਛ ਗੀਤ ਦਰ ਤੇ ਆ ਖੜੇ, ਕਾਹਲ਼ੇ ਨੇ ਸੀਨੇ ਲਾਉਣ ਨੂੰ,
ਛਲਣੀ ਜੁ ਸੀਨਾ ਕਰ ਗਏ, ਕੁਛ ਗੀਤ ਮੇਰਾ ਅਤੀਤ ਨੇ।

ਓਧਰ ਖ਼ੁਸ਼ੀ ਹੈ ਠਹਿਰਦੀ, ਓਧਰ ਹੀ ਖੇੜੇ ਨੇ ਰੁਕੇ,
ਓਧਰ ਤੋਂ ਏਧਰ ਫਾਸਲੇ, ਰਿਸ਼ਤੇ ਜੁ ਬਣ ਗਏ ਭੀਤ ਨੇ।

ਯਾਰੀ ਪਤੰਗੇ ਦੀ ਰਹੀ, ਇਕ ਲਾਟ ਮਚਦੀ ਨਾਲ ਸੀ,
ਪੂਰਬ ਤੇ ਪੱਛਮ ਮੇਲ ਕੀ, ਅਸਲੋਂ ਹੀ ਜੋ ਵਪਰੀਤ ਨੇ।

ਸਿਰ ਦੇਹ ਨਿਭਾਉਣੀ ਦੋਸਤੀ, ਦਸਤੂਰ ਦੁਨੀਆਂ ਦਾ ਰਿਹਾ,
ਕੀ ਦੋਸ਼ ਦੇਣਾਂ ਦੁਸ਼ਮਣਾਂ, ਜਦ ਯਾਰ ਹੀ ਬਦਨੀਤ ਨੇ।

ਜੋ ਨੱਚਦੇ ਗਾਉਂਦੇ ਸੀ ਆਉਂਦੇ, ਖਾਬ ਮੈਨੂੰ ਰਾਤ ਭਰ,
ਹਿਜ਼ਰਾਂ ਨੇ ਲਾਈ ਚੋਟ ਐਸੀ, ਖਾਬ ਵੀ ਭੈਭੀਤ ਨੇ।

ਕੁਛ ਕਹਿ ਸਹੀ ਤੂੰ ਦਿਲਬਰਾ, ਭਾਵੇਂ ਕਰੀਂ ਸ਼ਿਕਵੇ ਗਿਲੇ,
ਰੋਸੇ ਤੇਰੇ ਵੀ 'ਰਾਜ' ਨੂੰ, ਹੁਣ ਜਾਪਦੇ ਸੰਗੀਤ ਨੇ।
•



ਫੁੱਲਾਂ ਸੰਭਾਲ਼ੀ ਸੁਰਤ ਜਦ, ਆਲਾ ਦੁਆਲਾ ਦੇਖਿਆ।
ਹੋਇਆ ਚਮਨ ਦਾ ਰੰਗ ਫਿਰ, ਕਾਲਾ ਹੀ ਕਾਲ਼ਾ ਦੇਖਿਆ।

ਇਕ ਦੂਸਰੇ ਦੀ ਫ਼ਿਕਰ ਵੀ ਕਰਦਾ ਹੈ ਕਿਹੜਾ ਹੁਣ, ਸਗੋਂ
ਇਨਸਾਨ ਹੀ ਇਨਸਾਨ ਤੋਂ ਖੋਂਹਦਾ ਨਿਵਾਲਾ ਦੇਖਿਆ।

ਮਾਂ ਬਾਪ ਤੇ ਭੈਣਾਂ ਭਰਾ, ਸਭ ਲੋੜ ਦੇ ਹੀ ਸਾਕ ਨੇ,
ਸੰਸਾਰ ਬਣਿਆਂ ਰਿਸ਼ਤਿਆਂ ਦੀ ਰੰਗਸ਼ਾਲਾ ਦੇਖਿਆ।

ਬੰਦਾ ਨਹੀਂ ਕੁਛ ਜਾਣਦਾ, ਐਵੇਂ ਹੀ ਲਾਉਂਦਾ ਅਟਕਲਾਂ,
ਆਪੂੰ ਬਣਾਏ ਵਹਿਮ ਦਾ, ਦਿੰਦਾ ਹਵਾਲਾ ਦੇਖਿਆ।

ਸੁਹਬਤ ਕਰੇ ਜੇ ਸੰਤ ਦੀ, ਤਾਂ ਸੀਤ ਹੋਜੇ ਆਦਮੀ,
ਰਲ਼ ਜਾਲਮਾਂ ਦੇ ਨਾਲ ਹੈ, ਬਣਦਾ ਜਵਾਲਾ ਦੇਖਿਆ।

ਜਦ ਕੂੜ ਦੇ ਇਸ ਨ੍ਹੇਰ ਤੋਂ, ਦ੍ਰਿਸ਼ਟ ਘੁਮਾਈ ਰਾਜ ਨੇ,
ਹਰ ਤਰਫ ਤੇਰੇ ਨਾਮ ਦਾ, ਵਿਛਿਆ ਉਜਾਲਾ ਦੇਖਿਆ।
•

ਮੈਂ ਆਮ ਇਕ ਇਨਸਾਨ ਹਾਂ, ਨਾ ਸ਼ਖਸ ਕੋਈ ਖਾਸ ਮੈਂ।
ਚਲ ਜੇ ਪਚਾਸੀ ਨਾ ਸਹੀ, ਪੈਂਤੀਂ ਹੀ ਲੈ ਕੇ ਪਾਸ ਮੈਂ।

ਮੇਰੇ ਸਿਰੋਂ ਹੀ ਖਾ ਰਹੇ, ਵੱਡੇ ਕਹਾਉਂਦੇ ਲੋਕ ਜੋ,
ਮੈਂ ਭੁੱਖ ਤੋ ਬੇਜ਼ਾਰ ਹਾਂ, ਪਰ ਅੰਨ ਦਾ ਇਤਹਾਸ ਮੈਂ।

ਛਾਈ ਰਹੇ ਇਕ ਮੁਰਦਨੀ, ਚਿਹਰੇ ਜੁ ਮੇਰੇ ਤੇ ਸਦਾ,
ਬੀਤੇ ਯੁਗਾਂ ਤੋਂ ਇਸ ਤਰਾਂ, ਕੀਤਾ ਨਾ ਹਾਸ-ਬਿਲਾਸ ਮੈਂ

ਖੁਸ਼ਹਾਲ ਜੋ ਕਰਦੀ ਰਹੀ, ਸਰਕਾਰ ਹਰ ਮੈਨੂੰ ਸਦਾ,
ਖੁਸ਼ਹਾਲ ਹੁੰਦੀ ਆਪ ਹੀ, ਐਪਰ ਹਮੇਸ਼ ਨਿਰਾਸ ਮੈਂ।

ਪਾਣੀ ਨਹੀ, ਨਾ ਖਾਦ ਹੀ, ਕੋਈ ਵੀ ਰਾਖੀ ਨਾ ਕਰੇ,
ਜੋ ਹਰ ਜਗ੍ਹਾ ਹੀ ਢਕ ਲਵੇ, ਆਪੇ ਹੀ ਉਗਿਆ ਘਾਸ ਮੈਂ

ਫੜਨੀ ਕਿਸੇ ਬਾਂਹ ਨ ਮਿਰੀ, ਤਾਕਤ ਖੁਦੀ 'ਚੋਂ ਪਾ ਲਵਾਂ,
ਖੁਦ ਹੀ ਸਹੇੜਾਂ ਮੌਤ ਵੀ, ਖ਼ੁਦ ਹੀ ਬਣਾਂ ਧਰਵਾਸ ਮੈਂ।

ਰੋਟੀ ਮਿਰੀ ਜਿਸ ਨੂੰ ਦੁਖੇ, ਕੁੱਤੇ ਨੂੰ ਬਿਸਕੁਟ ਪਾ ਦਵੇ,
ਜੋਰਾਵਰਾਂ ਦੇ ਮਹਿਫਲੀਂ, ਬਣਦਾ ਰਹਾਂ ਉਪਹਾਸ ਮੈਂ।
•



ਢੋ ਰਿਹਾਂ ਕਲਬੂਤ ਮੈਂ, ਪਰ ਹਯਾਤੀ ਲਾਪਤਾ।
ਰਿਕਤ ਪੈਮਾਨਾ ਪਿਆ, ਪਰਤ ਸਾਕੀ ਲਾਪਤਾ।

ਦੇਖਦਾਂ ਰਹਿੰਦਾ ਹਾਂ ਸੁਪਨੇ ਰੋਜ਼ ਹੀ ਮੈਂ ਰਾਤ ਭਰ,
ਯਾਦ ਭੈੜੇ ਆ ਰਹੇ, ਸਾਰੇ ਬਾਕੀ ਲਾਪਤਾ।

ਤਾਂਘ ਦੇਖ ਚਕੋਰ ਦੀ, ਚੰਨ ਭਾਰਾ ਹੋ ਗਿਆ,
ਓਹਲੇ ਰਹਿ ਬੱਦਲੀਂ, ਮਾਰ ਝਾਤੀ ਲਾਪਤਾ।

ਟਾਕੀਆਂ ਲਾਉਂਦਾ ਰਿਹਾ ਜਿਹੜਾ ਕਦੇ ਸੀ ਅੰਬਰੀਂ
ਅੱਜ ਮੇਰੀ ਹੋ ਗਈ, ਚੁਸਤ-ਚਲਾਕੀ ਲਾਪਤਾ

ਮੁਖੜਾ ਨੁਰਾਨੀ ਓਸ ਦਾ, ਦਰਸ ਮੈਨੂੰ ਦੇ ਗਿਆ,
ਕੁਛ ਪਲਾਂ ਦੀ ਸੀ ਖੁਸ਼ੀ, ਫੇਰ ਝਾਕੀ ਲਾਪਤਾ

ਯਾਰ ਏਨ੍ਹਾਂ ਬਦਲਿਆ, ਰੱਬ ਹੀ ਬਸ ਹੋ ਗਿਆ,
ਅਕਲ ਏਨੀ ਆ ਗਈ, ਵਾਹਿਯਾਤੀ ਲਾਪਤਾ।
•

□

ਉਸ ਨੂੰ ਨਿਮਾਣਾ ਜਾਣ ਕੇ, ਖਿੱਲੀ ਉਡਾ ਕੇ ਖੁਸ਼ ਨ ਹੋ।
ਇਨਸਾਨ ਤੂੰ ਇਨਸਾਨ ਨੂੰ, ਨੀਵਾਂ ਦਿਖਾ ਕੇ ਖੁਸ਼ ਨ ਹੋ।

ਜੋ ਰੌਸ਼ਨੀ ਦੇ ਨਾਲ ਨਾਲ, ਜ਼ਿੰਦਗੀ ਵੀ ਦੇ ਰਹੇ,
ਤੂੰ ਸੂਰਜਾਂ ਦੇ ਸਰਦਲੀਂ, ਦੀਵੇ ਜਗਾ ਕੇ ਖੁਸ਼ ਨ ਹੋ।

ਚਲ ਮੰਨਦੇ ਹਾਂ ਦੋਸਤਾ, ਤੂੰ ਆਪ ਨਦੀਆਂ ਤਰ ਲਵੇਂ,
ਪਰ ਸਾਗਰਾਂ ਦੇ ਨਾਲ ਤੂੰ, ਮੱਥਾ ਲਗਾ ਕੇ ਖੁਸ਼ ਨ ਹੋ।

ਇਸ ਕਦਰ ਵੀ ਨਾ ਡੇਗ ਤੂੰ, ਖ਼ੁਦ ਆਪਣੀ ਔਕਾਤ ਨੂੰ,
ਤੂੰ ਝੂਠਿਆਂ ਦੇ ਖਸਮ ਨੂੰ, ਸੱਚਾ ਬਣਾ ਕੇ ਖੁਸ਼ ਨਾ ਹੋ।

ਨਾ ਵਿੰਨ੍ਹ ਸੀਨੇ ਇਸ ਤਰ੍ਹਾਂ ਬੋਲ ਤਿੱਖੇ ਬੋਲ ਕੇ,
ਸੌਖੇ ਨਹੀਂ ਇਹ ਲੱਭਦੇ, ਸੱਜਣ ਗਵਾ ਕੇ ਖੁਸ਼ ਨਾ ਹੋ।

ਤੇਰੀ ਹਰਿਕ ਭੁੱਲ ਹੀ, ਬੇੜੀ ’ਚ ਮੋਰੀ ਕਰ ਰਹੀ,
ਜਿਸ ਨੇ ਲਗਾਉਣਾ ਪਾਰ ਉਹ ਬੇੜੀ ਡੁਬਾ ਕੇ ਖੁਸ਼ ਨ ਹੋ

ਭਾਵੇਂ ਵਰਾਉਣਾ ਤਾਂ ਕਿਸੇ ਨੂੰ ਤੂੰ ਨਹੀਂ ਚਲ ਜਾਣਦਾ,
ਐ ਦੋਸਤਾ ਤੂੰ ਇਸ ਤਰਾਂ, ਸਭ ਨੂੰ ਰੁਆ ਕੇ ਖੁਸ਼ ਨ ਹੋ

ਰਗ ਰਗ ਤੇਰੀ ਤਾਂ ‘ਰਾਜ’ ਹੁਣ, ਇਹ ਲੋਕ ਨੇ ਪਹਿਚਾਣਦੇ.
ਦੇ ਕੇ ਛਲਾਵਾ ਪੈਰ ਤੇ, ਨਿਰਛਲ ਕਹਾ ਕੇ ਖੁਸ਼ ਨ ਹੋ

•



□

ਹੋਂਦ ਮੇਰੀ ਹੈ ਟੁੱਟਿਆ ਤਾਰਾ।
ਭਟਕੇ ਅੰਬਰੀਂ ਮਾਰਾ ਮਾਰਾ।

ਮੇਰੀ ਹਸਤੀ ਮਿਟਣ ਤੇ ਆਈ,
ਮੇਰਾ ਹੈ ਹੁਣ ਕੌਣ ਸਹਾਰਾ।

ਸੂਰਜ ਵੀ ਉਸ ਸੇਕ ਤੋਂ ਡਰਦਾ,
ਸੇਕ ਜੁ ਲੱਗਾ ਮੈਨੂੰ ਭਾਰਾ।

ਠੋਕਰ ਐਸੀ ਵਕਤ ਨੇ ਮਾਰੀ,
ਉੱਠ ਨ ਸਕਿਆ ਮੈਂ ਦੋਬਾਰਾ।

ਨੈਣ ਤਰਸਦੇ ਦੀਦ ਤਿਰੀ ਨੂੰ,
ਰੱਬ ਨ ਦਿੱਤਾ ਵਕਤ ਉਧਾਰਾ।

ਮੈਂ ਮਿਟ ਕੇ ਵੀ ਮੁਕਤ ਨਾ ਹੋਣਾ,
ਮੇਰਾ ਨਾ ਹੋਣਾ ਛੁਟਕਾਰਾ।

ਯਾਰ ਨ ਜਾਣੇ ਹੱਥ ’ਚ ਉਸ ਦੇ,
ਰਾਜ ਦਾ ਤਾਂ ਹੁਣ ਪਾਰ ਉਤਾਰਾ

•

ਮਹਿੰਗੀ ਵਿਕਦੀ ਰੋਟੀ ਹੈ, ਮੌਤ ਵਿਕੇਂਦੀ ਸਸਤੇ ਭਾ।
ਹੱਕ ਨ ਤੇਰਾ ਹੱਸਣ ਦਾ, ਰੋਣਾ ਹੈ ਤਾਂ ਗੱਲ ਮੁਕਾ।

ਮੈਂ ਤਾਂ ਸਮਝੀ ਸਾਧ ਖੜੋਤਾ, ਫਸਗੀ ਸੀਸ ਨਿਵਾ ਕੇ,
ਚੁੰਝ 'ਚ ਆਈ ਬਗਲੇ ਦੇ, ਡੱਡ ਰਹੀ ਹੈ ਰੌਲਾ ਪਾ।

ਅਪਣਾ ਅਪਣਾ ਪੀਰ ਮਨਾਉਂਦੇ, ਸਾਂਝਾ ਪੀਰ ਨ ਰੱਖਣ,
ਨੌਲ਼ ਬਿਗਾਨਾ ਰੱਬ ਸਦਾ, ਅਪਣਾ ਲੈਂਦੇ ਉਹ ਵਡਿਆ।

ਨਿੱਤ ਜਗਾਉਂਦੇ ਜਿਹੜੇ ਵੀ, ਹੋਕਾ ਦੇ ਕੇ ਲੋਕਾਂ ਨੂੰ,
ਹੋ ਕੇ ਦੁਸ਼ਮਣ ਚੋਰਾਂ ਦੇ, ਅਪਣੇ ਘਰ ਹੀ ਲੈਣ ਭਨਾ।

ਕਬਰੀਂ ਲਾਸ਼ਾਂ ਪੁੱਛਦੀਆਂ, ਉੱਪਰ ਪਾਈ ਮਿੱਟੀ ਨੂੰ,
ਕੌਣ ਕਰਾ ਕੇ ਦੰਗੇ ਇਉਂ, ਕਰ ਗਿਆ ਸਾਨੂੰ ਕੌਣ ਜਿਬ੍ਹਾ।

ਦਰ ਦਰ ਫਿਰਨ ਭਿਖਾਰੀ ਜੋ, ਲਗਦੈ ਮੌਸਮ ਵੋਟਾਂ ਦਾ,
ਆਪੇ ਪਾਉਣੀ ਖੈਰ ਜਿਨ੍ਹਾਂ, ਆਪੇ ਲੈਣੇ ਹੱਥ ਵਢਾ।
•



ਮਹਫਿਲ ਤੇਰੀ ਆਵਾਂਗੇ, ਸ਼ਰਤ ਜੋ ਪੂਰੀ ਕਰ ਲਈਏ।
ਪਾਪੀ ਪੇਟ ਲਈ ਪਹਿਲਾਂ, ਕੁਛ ਮਜ਼ਦੂਰੀ ਕਰ ਲਈਏ।

ਪੰਛੀ ਵਾਂਗਰ ਚੋਗਾ ਲਭ ਕੇ ਭਰਦੇ ਢਿਡ ਬੋਟਾਂ ਦਾ,
ਰੁੱਖੀ ਮਿੱਸੀ ਖਾ ਕੇ ਵੀ ਸਬਰ ਸਬੂਰੀ ਕਰ ਲਈਏ।

ਰਬ ਤੋਂ ਬਾਦ ਸਹਾਰਾ ਉਹ, ਰੋਜ਼ੀ ਦੇਵੇ ਜੋ ਸਾਨੂੰ,
ਪਹਿਲਾਂ ਜਾ ਰਬ ਦੂਜੇ ਦੀ ਯਾਰ ਹਜ਼ੂਰੀ ਕਰ ਲਈਏ।

ਦਿਲ ਦੀ ਬੰਜ਼ਰ ਧਰਤੀ ਤੇ ਮੌਲ਼ ਪਏ ਕੁਛ ਗੀਤ ਨਵੇਂ,
ਆ ਕੇ ਫੇਰ ਸੁਣਾਵਾਂਗੇ, ਸਰ ਮਜ਼ਬੂਰੀ ਕਰ ਲਈਏ।

ਸ਼ਾਇਰੀ ਦਾ ਘਰ ਦੂਰ ਬੜਾ, ਹੈ ਸਮਝਾਇਆ ਮੁਰਸ਼ਦ ਨੇ,
ਸਾਥ ਤੇਰਾ ਜੇ ਮਿਲ ਜਾਵੇ, ਤੈਅ ਫਿਰ ਦੂਰੀ ਕਰ ਲਈਏ

ਚਾਲ ਗ਼ਜ਼ਲ ਦੀ ਉਖੜੀ ਹੈ, ਬਹਿਰ ਵਿਹੂਣੀ ਤੁਕਬੰਦੀ,
ਵੱਟ ਅਦੀਬ ਰਹੇ ਸਾਨੂੰ, ਅਣਡਿਠ ਘੂਰੀ ਕਰ ਲਈਏ।
•

□

ਚੌਗਿਰਦੇ ਵਿਚ ਮਸਤੀ ਖੇੜਾ,
ਕੁਛ ਐਸਾ ਸੱਜਣਾਂ ਦਾ ਡੇਰਾ।

ਜਗ ਤਰਸੇ ਜਿਹਦੀ ਇਕ ਝਲਕ ਨੂੰ,
ਉਸ ਦਾ ਹੈ ਸਭ ਵਿਚ ਬਸੇਰਾ।

ਕੋਈ ਦੱਸੇ ਉਸ ਨੂੰ ਸੂਖਮ,
ਕੋਈ ਆਖੇ ਬਹੁਤ ਵਡੇਰਾ।

ਹਰ ਯੁਗ ਬੈਠਾ ਖੋਲ ਖਜ਼ਾਨੇ,
ਮੰਗਤਿਆਂ ਦਾ ਨ ਮੁੱਕਦਾ ਗੇੜਾ।

ਬਹੁਰੰਗੀ ਕਾਇਨਾਤ ਸਜਾਈ,
ਉਸ ਵਰਗਾ ਹੈ ਕੌਣ ਚਿਤੇਰਾ।

ਚੰਦ ਸੂਰਜ ਉਸ ਦੇ ਗੁਣ ਗਾਉਂਦੇ,
ਧਰਤ ਕਰੇਂਦੀ ਰਾਤ ਸਵੇਰਾ।

ਸਭ ਢਿੱਡਾਂ ਨੂੰ ਭਰਦਾ ਓਹੀ,
ਕੋਈ ਹੋਵੇ ਸਾਧ, ਲੁਟੇਰਾ।

ਦੁਸ਼ਮਣ ਨੂੰ ਵੀ ਦੇ ਕੇ ਖੁਸ਼ ਹੈ,
ਹੋਣਾ ਉਸ ਜੇਹਾ ਕਿਸ ਦਾ ਜੇਰਾ



ਉਸ ਨਾਲ ਜੁੜਿਆਂ ਸੁੱਖਾਂ ਦੀ ਆਮਦ,
ਜੇਕਰ ਟੁੱਟ ਗਏ ਦੁੱਖ ਘਨੇਰਾ

ਜਿਹੜੇ ਮੁਨਕਿਰ ਹੁੰਦੇ ਉਸ ਤੋਂ,
ਅੰਤਮ ਪਲ ਪਾਉਂਦੇ ਜਮ ਘੇਰਾ

ਸਾਂਭ ਮਨਾਂ ਤੂੰ ਹਾਲੇ ਵੀ ਮੌਕਾ,
ਕਿਉਂ ਕਰਦੈਂ ਹੋਰ ਅਵੇਰਾ।

ਦਿਵ ਜੋਤੀ ਉਹ ਚਾਨਣ ਦੇਵੇ,
ਕਿਉਂ ਤੂੰ ਪੂਜੀ ਜਾਨਾ ਨ੍ਹੇਰਾ

ਉੱਚੇ ਸਿਉਂ ਤੂੰ ਪ੍ਰੀਤ ਲਗਾਉਣੀ,
ਸ਼ਬਦ ਭੁਲਾ ਦੇ, ਤੇਰਾ ਮੇਰਾ।

•

□

ਮਨ ਵੀਣਾ ਕੁਛ ਐਸੀ ਵੱਜੇ।
ਸੁਰ ਨੇ ਬਿਖਰੇ ਸੱਜੇ ਖੱਬੇ।

ਪੰਛੀ ਉਡਦਾ ਦੂਰ ਦੁਰੇਡੇ,
ਆ ਮੁੜਦਾ ਜਦ ਕੁਛ ਨਾ ਲੱਭੇ।

ਜਦ ਮਨ ਸੁੱਚੇ ਰੰਗ ਰੰਗਾਵਾਂ,
ਰੰਗ ਚੜੇਂਦੇ ਡੱਬ-ਖੜੱਬੇ।

ਕਿਹੜਾ ਰੱਖੇ ਭੌਰ ਨੂੰ ਫੜਕੇ,
ਹੱਥੋਂ ਛੁੱਟੇ ਦੂਰ ਨੂੰ ਭੱਜੇ।

ਜੋ ਮਿਲਦਾ ਹੈ ਲਗਦੈ ਥੋੜਾ,
ਇਸ ਭੁੱਖੇ ਦਾ ਢਿੱਡ ਨਾ ਰੱਜੇ।

ਆਪ ਬੜਾ ਹੀ ਸਾਫ ਕਹਾਵੇ,
ਔਗੁਣ ਜਿਹੜਾ ਅਪਣੇ ਕੱਜੇ

ਤਕੜੇ ਅੱਗੇ ਝੱਟ ਝੁਕੇਂਦਾ,
ਮਾੜੇ ਤੇ, ਫੁੰਕਾਰੇ ਗੱਜੇ।

ਇਸ ਭੈੜੇ ਸੋਚ ਨ ਚੰਗੀ,
ਲਾਜ ਨ ਆਉਂਦੀ ਇਸ ਨਿਰਲੱਜੇ



ਇਹ ਨਾ ਟਿਕਦਾ ਉਮਰਾਂ ਗਈਆਂ,
ਚੱਜ ਨ ਆਇਆ ਏਸ ਕੁਚੱਜੇ।

ਪਰਗਟ ਹੋਏ ਝੂਠ ਹਜ਼ਾਰਾਂ,
ਲੱਖਾਂ ਝੂਠ ਅਜੇ ਵੀ ਦੱਬੇ

•

ਤੋੜ ਕੇ ਨਾ ਜੋੜ ਤੂੰ, ਮੈਂ ਟੁੱਟਿਆ ਹੀ ਠੀਕ ਹਾਂ।
ਲੋੜ ਨਾ ਧਰਵਾਸ ਦੀ, ਮੈ ਲੁੱਟਿਆ ਹੀ ਠੀਕ ਹਾਂ।

ਖੁਸ਼ ਬੜਾ ਹਾਂ ਛੁੱਟ ਕੇ, ਮੈਂ ਆਪਣੇ ਹੀ ਆਪ ਤੋਂ,
ਵੱਸਦਾ ਰਹਿ ਸੱਜਣਾਂ, ਮੈਂ ਛੁੱਟਿਆ ਹੀ ਠੀਕ ਹਾਂ।

ਰੁੱਖੜਾ ਕੰਧੀ ਦਾ ਸਾਂ, ਆਖਰ ਹਵਾਵਾਂ ਪੁੱਟਿਆ,
ਮਾਣ ਰੱਜ ਬਹਾਰ ਤੂੰ, ਮੈ ਪੁੱਟਿਆ ਹੀ ਠੀਕ ਹਾਂ

ਖ਼ਬਸ ਮੇਰੀ ਜ਼ਿੰਦਗੀ, ਵਾਂਗਰ ਕਮਲ ਦੇ ਹੋ ਗਈ,
ਚਿੱਕੜਾਂ ਦੇ ਗਰਭ ’ਚੋਂ, ਮੈਂ ਫੁੱਟਿਆ ਹੀ ਠੀਕ ਹਾਂ।

ਜਾਣ ਖੋਟਾ ਸੁੱਟਤਾ, ਮੈਨੂੰ ਕਦੇ ਨਾ ਪਰਖਿਆ,
ਚਲ ਖਰੇ ਤੂੰ ਢੂੰਡ ਲਏ, ਮੈਂ ਸੁੱਟਿਆ ਹੀ ਠੀਕ ਹਾਂ

ਗੁੰਮ ਮੇਰਾ ਚੰਦ ਹੈ, ਖੌਰੇ ਕਿਥੇ ਹੈ ਛੁਪ ਗਿਆ,
ਭਾਲ ਓਸੇ ਚੰਦ ਦੀ, ਮੈਂ ਜੁੱਟਿਆ ਹੀ ਠੀਕ ਹਾਂ।

ਹਿਜ਼ਰ ਹੀ ਦੇ ਆਸਰੇ, ਹੁਣ ਮੈਂ ਗੁਜਾਰਾਂ ਜ਼ਿੰਦਗੀ,
ਪੀੜ ਦੀ ਗਲਵੱਕੜੀ ਮੈਂ ਘੁੱਟਿਆ ਹੀ ਠੀਕ ਹਾਂ।
•





ਚਲੇ ਆਈ ਹੈ ਚੜ ਕੇ, ਇਹ ਰੁਤ ਗ਼ਮਾਂ ਦੀ।
ਕਿਥੋਂ ਆਈ ਉੱਜੜ ਕੇ, ਇਹ ਰੁਤ ਗ਼ਮਾਂ ਦੀ।

ਫਿਜ਼ਾਵਾਂ ਖਫਾ ਨੇ, ਖਫਾ ਨੇ ਬਹਾਰਾਂ,
ਚੜੀ ਸੱਭ ਸਿਉਂ ਲੜ ਕੇ, ਇਹ ਰੁਤ ਗ਼ਮਾਂ ਦੀ

ਸਫਰ ਇਸ਼ਕ ਦਾ, ਕੱਚ ਦਾ ਕੋਈ ਸੁਪਨਾ,
ਤੋੜੇ ਜਿਦ ਤੇ ਅੜ ਅੜ ਕੇ, ਇਹ ਰੁਤ ਗ਼ਮਾਂ ਦੀ

ਉਦਾਸੇ ਨੇ ਚਿਹਰੇ ਤੇ ਸੋਗੀ ਹੈ ਮੰਜ਼ਰ,
ਨਿਹਾਰੇ ਪਈ ਖੜ ਕੇ ਇਹ ਰੁਤ ਗ਼ਮਾਂ ਦੀ

ਜਫ਼ਾ ਤੇ ਉਲ੍ਹਾਮੇ, ਇਹ ਰੁਤ ਕੋਲ ਮੋਤੀ,
ਪਈ ਵੰਡੇ ਜੜ ਜੜ ਕੇ, ਇਹ ਰੁਤ ਗ਼ਮਾਂ ਦੀ

ਅਧੂਰੀ ਏ ਇਸ ਦੀ, ਹਰਿਕ ਹੀ ਕਹਾਣੀ,
ਸੁਣਾਉਂਦੀ ਰਹੀ ਪੜ ਕੇ, ਇਹ ਰੁਤ ਗ਼ਮਾਂ ਦੀ

ਇਹ ਯਾਦਾਂ ਦਾ ਧੂਆਂ, ਬਲ਼ੇ ਅੱਗ ਹਿਜ਼ਰ ਦੀ,
ਬੜਾ ਰੋਈ ਸੜ ਸੜ ਕੇ, ਇਹ ਰੁੱਤ ਗ਼ਮਾਂ ਦੀ

ਬਣੀ ਬੂੰਦ ਸੁਆਂਤੀ, ਜੋ ਗਿਰ ਗਈ ਜਮੀਂ ਤੇ,
ਮਿਰੇ ਨੈਣਾਂ ’ਚੋਂ ਝੜਕੇ, ਇਹ ਰੁਤ ਗ਼ਮਾਂ ਦੀ।

ਗਿਲਾ ਹੋਣੈ ਕੋਈ, ਜੋ ਤੜਪਾਉਂਦੀ ਮੈਨੂੰ,
ਨਸੀਬਾਂ ’ਚ ਵੜ ਵੜ ਕੇ, ਇਹ ਰੁਤ ਗ਼ਮਾਂ ਦੀ।

ਕੁਲਹਿਣੀ ਨਾ ਜਾਵੇ, ਬੈਠੀ ਮਲ ਸਰ੍ਹਾਣਾ,
ਨਵੇਂ ਉਜ਼ਰਾਂ ਨੂੰ ਘੜ ਕੇ ਇਹ ਰੁਤ ਗ਼ਮਾਂ ਦੀ।
•



ਐਵੇਂ ਨ ਸੱਚ ਬੋਲ ਕੇ,,ਗਲ਼ ਪਾ ਲਵੀਂ ਅਵਾਮ।
ਇਸ ਕਾਫਿਰਾਂ ਦੇ ਸ਼ਹਿਰ ‘ਚ, ਹੈ ਕੁਫਰ ਨੂੰ ਸਲਾਮ।

ਇਕ ਅੱਧ ਨੰਗਾ ਹੋਣ ਤੇ, ਦੁਨੀਆਂ ਬੜੀ ਹਰਾਨ,
ਦੇਖੇ ਜੁ ਕੋਈ ਖੋਲ ਕੇ, ਭਰਿਆ ਪਿਆ ਹਮਾਮ।

ਆਪੇ ਅਸਾਂ ਨੂੰ ਸ਼ੌਂਕ ਹੈ, ਢੋਣਾ ਹਮੇਸ਼ ਭਾਰ,
ਆਪੇ ਕਿਸੇ ਦੇ ਹੱਥ ਹਾਂ ਦਿੰਦੇ ਅਸੀਂ ਲਗਾਮ

ਕਤਰਾ ਕਿਤੇ ਜੇ ਡੁਲ੍ਹਦਾ, ਫਿਰ ਤੂੰ ਕਹੇਂ ਪੁਕਾਰ,
ਸਭ ਦਾ ਲਹੂ ਨਿਚੋੜਦਾ, ਬੰਦੇ ਤਿਰਾ ਨਿਜ਼ਾਮ।

ਹਰ ਮੋੜ ਤੇ ਉਡੀਕਦੇ, ਫੰਧੇ ਫੜੀ ਜਲਾਦ,
ਪੀਂਦੇ ਲਹੂ ਉਹ ਆਖਦੇ ਰੋਟੀ ਨੂੰ ਜੋ ਹਰਾਮ।

ਪਾਲੇ ਹਮੇਸ਼ ਵੱਗ ਉਹ, ਰੱਖੇ ਇਹੋ ਉਮੀਦ,
ਭੇਡਾਂ ਨੂੰ ਸਾਊ ਜਾਣ ਕੇ, ਮੁੰਨਦਾ ਰਹੇ ਹਜ਼ਾਮ।

ਸ਼ਾਮਿਲ ਖੁਦਾ ਹੈ ਆਪ ਵੀ, ਹੁੰਦਾ ਜੁ ਪੱਖਪਾਤ,
ਮਿਹਨਤ ਕਰੇ ਗ਼ਰੀਬ, ਅਮੀਰਾਂ ਭਰੇ ਗੁਦਾਮ।

ਰੱਖੀ ਜਿਨ੍ਹਾਂ ਤੇ ਆਸ ਮੈਂ, ਰਹਿਬਰ ਗਏ ਗਵਾਚ,
ਹੋਏ ਨਿਢਾਲ ਲੋਕ ਨੇ, ਮਿਲਣੈ ਕਦੋਂ ਮੁਕਾਮ।

ਹਰ ਚੀਜ਼ ਇਸ ਜਹਾਨ ਦੀ, ਪੈਸੇ ਲਈ ਖਰੀਦ,
ਪ੍ਰਤਿਭਾ ਜਿਨ੍ਹਾਂ ਦੇ ਕੋਲ ਸੀ, ਫਿਰਦੇ ਰਹੇ ਨਕਾਮ।

ਦਮੜੀ ਹੀ ਅੱਜ ਅਕਲ ਹੈ, ਦਮੜੀ ਬਣੀਂ ਦਿਮਾਗ,
ਹੋਇਆ ਨਸ਼ੇ ਗੜੁੱਚ ਹੈ, ਦਮੜੀ ਦਾ ਇਹ ਗੁਲਾਮ।

ਲੋਕਾ ਤੇਰੀ ਦਲੀਲ ਹੈ, ਤੇਰੇ ਲਈ ਸਰਾਪ,
ਨਾ ਆਖ ਧਰਮ ਗ੍ਰੰਥ ਨੂੰ, ਕਵੀਆਂ ਲਿਖੇ ਕਲਾਮ।

ਅਸਤਰ ਗਜ਼ਬ ਦੇ ਲੋਕ ਨੇ, ਵਿਚੋਂ ਬੜੇ ਸ਼ਤਾਨ,
ਉੱਤੋਂ ਦਿਖਾਉਣ ਹੇਜ ਵੀ, ਅੰਦਰ ਕਿੜਾਂ ਤਮਾਮ।

ਜੀਣੇ ਲਈ ਇਮਾਨ ਦਾ, ਕਿਉਂ ਤੂੰ ਕਰੇ ਵਪਾਰ ?
ਆਦਮ ਤਿਰੀ ਮੁਰਾਦ ਤੇ, ਲੱਗੂ ਕਦੋਂ ਵਿਰਾਮ।

ਇਸ ਜ਼ਿੰਦਗੀ 'ਚੋਂ ਸੁੱਖ ਦੇ, ਦੋ ਪਲ ਨਹੀਂ ਨਸੀਬ,
ਸ਼ਾਇਦ ਮਿਲੇ ਨ 'ਰਾਜ' ਨੂੰ, ਕਬਰਾਂ 'ਚ ਵੀ ਅਰਾਮ।

•



ਉਖੜੀ ਪਈ ਹੈ ਦੇਰ ਤੋਂ ਇਹ ਤੋਰ ਜ਼ਿੰਦਗੀ ਦੀ।
ਚੱਲੀ ਨਾ ਪੇਸ਼ ਕੋਈ ਕਮਜ਼ੋਰ ਜ਼ਿੰਦਗੀ ਦੀ।

ਧਰਤੀ ਨੂੰ ਧੌਲ਼ ਵਾਂਗਰ, ਇਕ ਯਾਰ ਦਾ ਸਹਾਰਾ,
ਯਾਰ ਖੁਸਿਆ ਤਾਂ ਖੁਸ ਗਈ ਡੰਗੋਰ ਜ਼ਿੰਦਗੀ ਦੀ।

ਇਕ ਸ਼ਾਮ ਜਾਂਦੀ, ਇਕ ਹੋਰ ਸ਼ਾਮ ਆਵੇ,
ਰੁੱਸੀ ਹੈ ਨਾਲ ਮੇਰੇ ਕਿਉਂ, ਭੋਰ ਜ਼ਿੰਦਗੀ ਦੀ।

ਕੱਚੀ ਰਹੀ ਹਮੇਸ਼ਾਂ ਮਾਂਜਾ ਕਿਸੇ ਨਾ ਲਾਇਆ,
ਆਖਿਰ ਨੂੰ ਟੁੱਟ ਜਾਣੀ, ਇਹ ਡੋਰ ਜ਼ਿੰਦਗੀ ਦੀ।

ਸਾਕੀ ਕਿਵੇਂ ਕਰਾਂ ਮੈਂ, ਇਸ ਜਾਮ ਤੋਂ ਕਿਨਾਰਾ,
ਇਸ ਨਾਲ ਹੀ ਚੜ੍ਹਦੀ ਹੈ, ਲੋਰ ਜ਼ਿੰਦਗੀ ਦੀ।

ਖ਼ੁਦ ਨੂੰ ਮਿਟਾ ਕੇ ਚੱਲੇ, ਸਾਥੋਂ ਤਾਂ ਪਰ ਮਿਟੀ ਨਾ,
ਮੱਥੇ ਤੇ ਗ਼ਮ ਦੀ ਲੱਗੀ, ਜੋ ਮੋਹਰ ਜ਼ਿੰਦਗੀ ਦੀ।

•

▯

ਇਹ ਸਰਦਲ ਸੁੰਨ੍ਹੀਂ ਉਡੀਕੇ, ਮੁਸਾਫਰ ਤੇਰੀ ਖਬਰ ਨਈਂ।
ਜਿਨ੍ਹਾਂ ਲਾ ਕੇ ਹੈ ਨਿਭਾਉਣੀ, ਕਦੇ ਫਿਰਦੇ ਦਰ-ਬਦਰ ਨਈਂ।

ਨਿਗਲ਼ ਕੇ ਸੂਰਜ ਨੂੰ ਅੰਬਰ ਕਿਵੇਂ ਹੋਇਆ ਲਾਲ ਸੂਹਾ,
ਮਿਰੇ ਫੁਲ ਮੁਰਝਾ ਹੀ ਜਾਣੇ, ਇਹ ਸੂਰਜ ਚੜ੍ਹਦਾ ਅਗਰ ਨਈਂ।

ਤੁਫਾਨਾਂ ਦੇ ਨਾਲ ਭਰਿਆ ਸਮੁੰਦਰ ਖ਼ਾਮੋਸ਼ ਜਾਪੇ,
ਮੈਂ ਫਸ ਜਾਣਾ ਮੰਝਧਾਰ ਚ, ਮੇਰੀ ਤਾਂ ਕੋਈ ਡਗਰ ਨਈਂ।

ਫਿਜ਼ਾ ਦੇ ਹੌਕੇ ਜਿਹੀ ਹੈ ਹਵਾ ਦੇ ਵਿਚ ਸਰਸਰਾਹਟ,
ਮਨਾਂ ਹੋਇਆ ਇਉਂ ਬਿਗਾਨਾ ਕਦੇ ਮੌਸਮ ਇਸ ਕਦਰ ਨਈਂ।

ਅਜੇ ਤਕ ਆਇਆ ਨਹੀਂ ਭੌਰ ਨੂੰ ਦਸਤੂਰ ਚਮਨ ਦਾ,
ਸੁਹਲ ਉਸ ਕਮਸਿਨ ਕਲੀ ਨੂੰ ਗਵਾਰਾ ਏਨੇ ਜਬਰ ਨਈਂ।

ਕਿਰਨ ਵਿਛੜੀ ਚੰਨ ਤੋਂ ਜੋ ਕੀ ਕਰ ਸਕਦੀ ਚੰਨ ਤੇ ਰੋਸ,
ਲਿਖੀ ਤੜਕੇ ਮੌਤ ਹੈ ਇਸ ਦੀ, ਇਸ ਦੇ ਲੇਖੀਂ ਫਜ਼ਰ ਨਈਂ।

ਇਹ ਭਾਵੇਂ ਸੋਨੇ 'ਚ ਮੜ੍ਹਿਆ, ਇਹ ਭਾਵੇਂ ਮਰ ਮਰ ਦਾ ਬਣਿਆ,
ਮੇਰੇ ਸੁਪਨੇ ਵਿਚ ਹੈ ਜੋ, 'ਰਾਜ' ਇਹ ਤਾਂ ਓਹੋ ਨਗਰ ਨਈਂ।
•



▯

ਤਾਲ ਅਪਣੀ ਤੇ, ਨਚਾਇਆ ਯਾਰ ਨੇ।
ਪੁਤਲੀਆਂ ਦੀ ਜੂਨ ਪਾਇਆ ਯਾਰ ਨੇ।

ਆਦਤਨ ਹੀ ਉਹ ਦਿਲਾਂ ਨੂੰ ਤੋੜਦਾ,
ਪਰ ਕਦੇ ਮਰਹਮ ਨ ਲਾਇਆ ਯਾਰ ਨੇ।

ਹਸਦਿਆਂ ਨੂੰ ਰੋਣ ਲਾਉਂਦਾ ਹੈ ਸਦਾ,
ਰੋਂਦਿਆਂ ਨੂੰ ਕਦ ਹਸਾਇਆ ਯਾਰ ਨੇ।

ਇਕ ਵੀ ਮੌਕਾ ਨ ਮੈਨੂੰ ਯਾਦ ਹੁਣ,
ਕੌਲ ਜਦ ਅਪਣਾ ਨਿਭਾਇਆ ਯਾਰ ਨੇ।

ਹਰ ਗ਼ਜ਼ਲ ਮੇਰੀ ਦੇ ਰਾਹੀਂ ਬੋਲਦਾ,
ਖੁਦ ਕਦੇ ਕੁਛ ਨਾ ਸੁਣਾਇਆ ਯਾਰ ਨੇ।

ਮੱਸਿਆ ਦੀ ਰਾਤ ਹਾਲੇ ਦੂਰ ਹੈ,
ਚੰਦ ਫੂਕਾਂ ਨਾ ਬੁਝਾਇਆ ਯਾਰ ਨੇ।

ਆਪ ਅੱਗੋਂ ਹੋਰ ਕਿਧਰੇ ਤੁਰ ਗਿਆ,
ਘਰ ਜਦੋਂ ਅਪਣੇ ਬੁਲਾਇਆ ਯਾਰ ਨੇ।

ਰਾਜ ਬਣਦਾ ਹੇਜਲਾ ਸੀ ਜੇਸ ਦਾ,
ਹਾਸ਼ੀਏ ਤੇ ਧਰ ਬਿਠਾਇਆ ਯਾਰ ਨੇ।
•

ਉੱਡਦੇ ਪੰਛੀ ਦਾ ਸਾਇਆ, ਜੇ ਫੜੇਂ ਤਾਂ ਫੜ ਨ ਹੋਣਾ।
ਹੰਝੂਆਂ ਦਾ ਇਕ ਸਮੁੰਦਰ, ਜੇ ਤਰੇਂ ਤਾਂ ਤਰ ਨ ਹੋਣਾ।

ਬਲ਼ਦੀਆਂ ਰਾਹਾਂ ਤੇ ਜਾ ਕੇ, ਆਪਣੇ ਹੀ ਪੈਰ ਸਾੜੇ,
ਪੈਰ ਮੇਰੀ ਪੈੜ ਉੱਪਰ, ਜੇ ਧਰੇਂ ਤਾਂ ਧਰ ਨ ਹੋਣਾ।

ਇਕ ਦੇ ਮਗਰੋਂ ਇਕ ਚੁਨੌਤੀ, ਜ਼ਿੰਦਗੀ ਦੇ ਰੂਬਰੂ ਹੈ,
ਹੁਣ ਮੁਹਾਜਾਂ ਸਾਰਿਆਂ ਤੇ, ਜੇ ਲੜੇਂ ਤਾਂ ਲੜ ਨ ਹੋਣਾ।

ਇਸ ਗੁਬਾਰੇ ਵਿਚ ਹਵਾ ਨੇ, ਕੈਦ ਨਾ ਰਹਿਣਾ ਹਮੇਸ਼ਾ,
ਇਹ ਸਮੁੰਦਰ ਚੂਲੀਆਂ ਵਿਚ, ਜੇ ਭਰੇਂ ਤਾਂ ਭਰ ਨਾ ਹੋਣਾ।

ਦੀਵਿਆਂ ਦੇ ਵਾਂਗ ਤੈਥੋਂ, ਰੌਸ਼ਨੀ ਨਾ ਵੰਡ ਹੋਣੀ,
ਲੋਅ ਕਿਸੇ ਨੂੰ ਦੇਣ ਖਾਤਿਰ, ਜੇ ਸੜੇਂ ਤਾਂ ਸੜ ਨਾ ਹੋਣਾ

ਬੰਗਲਾ ਕਰਦਾ ਕਦੇ ਨਾ, ਖੈਰ ਖਾਹੀ ਡੱਡੂਆਂ ਦੀ,
ਉਂ ਭਲਾ ਤੂੰ ਵੀ ਕਿਸੇ ਦਾ, ਜੇ ਕਰੇਂ ਤਾਂ ਕਰ ਨ ਹੋਣਾ।
•



ਤੁਸੀਂ ਆਖਦੇ ਹੋ, ਇਹ ਪਾਰਾ, ਸ਼ਰਾਬ।
ਅਸੀਂ ਤਾਂ ਬਣਾਈ, ਸਹਾਰਾ, ਸ਼ਰਾਬ।

ਉਦੋਂ ਚੀਜ਼ ਲਗਦੀ, ਬੜੀ ਖ਼ੂਬ ਏਹੁ,
ਬਣੇ ਯਾਰ ਦਾ ਜਦ ਵੀ ਲਾਰਾ, ਸ਼ਰਾਬ।

ਜ਼ਮਾਨੇ ਦੇ ਰੰਗਾਂ ਦਾ ਕਰੀਏ ਹਿਸਾਬ,
ਇਹ ਰੰਗਾਂ 'ਚ ਹੈ ਰੰਗ ਪਿਆਰਾ,ਸ਼ਰਾਬ।

ਮਲਾਹਾਂ ਨੇ ਦਿੱਤਾ,ਸੀ ਜਿਸ ਨੂੰ ਜਵਾਬ,
ਦਿਖਾਇਆ ਹੈ ਉਸ ਨੂੰ, ਕਿਨਾਰਾ,ਸ਼ਰਾਬ।

ਕਹੇ ਜ਼ਹਿਰ ਕੋਈ, ਤੇ ਕੋਈ ਹਰਾਮ,
ਅਸਾਨੂੰ ਨ ਛਡਣੀ ਗਵਾਰਾ, ਸ਼ਰਾਬ।

ਕਦੇ ਫੁੱਲ ਤੇ ਕਦੇ ਸ਼ਬਨਮ ਦੀ ਬੂੰਦ,
ਕਦੇ ਫੇਰ ਬਣਦੀ ਸ਼ਰਾਰਾ, ਸ਼ਰਾਬ।

ਮੜਕ ਚਾਲ ਵਿਚ ਖ਼ੂਬ ਭਰਦੀ ਹਮੇਸ਼,
ਇਹ ਸੁਰਗਾਂ ਦਾ ਦਿੰਦੀ ਨਜ਼ਾਰਾ,ਸ਼ਰਾਬ।

ਕਈ ਲੋਕ ਆਖਣ ਜੋ ਖ਼ੁਦ ਨੂੰ ਸੁਜਾਨ,
ਬਣਾਉਂਦੀ ਯਕਾਯਕ ਅਵਾਰਾ, ਸ਼ਰਾਬ।

ਬਿਗਾਨਾ ਹੈ ਕਿਹੜਾ,ਤੇ ਅਪਣਾ ਹੈ ਕੌਣ,
ਕਰੀ ਜਾ ਰਹੀ ਹੈ, ਇਸ਼ਾਰਾ, ਸ਼ਰਾਬ।

ਇਹ ਬਣਦੀ ਹੈ ਸੁੱਖਾਂ ਦੀ ਸਾਥੀ ਹਮੇਸ਼,
ਇਹ ਭਰਦੀ ਹੈ ਦੁਖ ਦਾ ਹੁੰਗਾਰਾ, ਸ਼ਰਾਬ।

ਰੁਬਾਈ ਵੀ ਬਣਦੀ, ਤੇ ਬਣਦੀ ਗ਼ਜ਼ਲ ਵੀ,
ਹੈ ਕਵੀਆਂ ਨੂੰ ਦਿੰਦੀ ਹੁਲਾਰਾ, ਸ਼ਰਾਬ।

ਜੇ ਆਉਂਦੀ ਨ ਪੀਣੀ, ਤਾਂ ਪੀਵੀਂ ਨ ਦੋਸਤ,
ਇਹ ਚੜ੍ਹਦੀ ਤ ਪਾਉਂਦੀ ਖਿਲਾਰਾ, ਸ਼ਰਾਬ।

ਕਰੇ ਇਸ਼ਕ ਲੋਕਾਂ ਨੂੰ ਜਦ ਵੀ ਤਬਾਹ,
ਇਹ ਦਿੰਦੀ ਹੈ ਜੀਵਨ ਦੁਬਾਰਾ, ਸ਼ਰਾਬ।
•



ਰੰਗ ਅਪਣਾ ਦੇਹ ਕਿਸੇ ਨੂੰ, ਲੈ ਕਿਸੇ ਦਾ ਰੰਗ ਤੂੰ।
ਚਲ ਮੁਸਾਫਿਰ ਰਾਹ ਉਡੀਕੇ, ਹੋ ਕਿਸੇ ਦੇ ਸੰਗ ਤੂੰ।

ਵਿਗਸਦਾ ਇਸ ਨਾਲ ਹੀ, ਅੱਗੇ ਤੋਂ ਅੱਗੇ ਸਿਲਸਿਲਾ,
ਢੰਗ ਅਪਣਾ ਦਸ ਕਿਸੇ ਨੂੰ, ਪੁਛ ਕਿਸੇ ਦਾ ਢੰਗ ਤੂੰ।

ਪਿਆਰ ਦੇ ਹੀ ਨਾਲ ਅਕਸਰ, ਜਿੱਤ ਹੁੰਦਾ ਹੈ ਜਹਾਨ,
ਫੇਰ ਵੀ ਕਿਉਂ ਲੋੜਦੈਂ, ਕਰਨੀ ਹਮੇਸ਼ਾ ਜੰਗ ਤੂੰ।

ਮਖ਼ਮਲੀ ਵੀਣੀ ਮੇਰੀ, ਭਿੱਜੀ ਲਹੂ ਦੇ ਨਾਲ ਹੈ,
ਹਾਣਦੀ ਦੀ ਸੀ ਰੀਝ ਦੇ, ਜੋ ਤੋੜ ਦਿੱਤੀ ਵੰਗ ਤੂੰ।

ਦੇਖ ਪੀੜਾਂ ਮਾਰਿਆਂ ਨੂੰ, ਝੱਲਿਆ ਕਿਉਂ ਹੱਸਦੈਂ ?
ਪੀੜ ਹੋਈ ਰੂਬਰੂ ਜਦ, ਫੇਰ ਹੋਣੈਂ ਤੰਗ ਤੂੰ।

ਰਾਜ਼ ਕਹਿ ਦੇ ਅੱਜ ਦਿਲ ਦੀ, ਕੀ ਭਰੋਸਾ ਕੱਲ੍ਹ ਦਾ,
ਇਸ਼ਕ ਦਾ ਇਜ਼ਹਾਰ ਕਰਦੇ, ਲਾਹ ਕੇ ਅਪਣੀ ਸੰਗ ਤੂੰ।
•

ਮੁਹੱਬਤ ਦੀ ਕਹਾਣੀ ਨੇ, ਕਿਨਾਰਾ ਕਰ ਲਿਆ ਸਾਥੋਂ।
ਜਦੋਂ ਉਮਰਾਂ ਦੇ ਹਾਣੀ ਨੇ, ਕਿਨਾਰਾ ਕਰ ਲਿਆ ਸਾਥੋਂ।

ਸੁਕਾ ਦਿੱਤਾ ਸਮੁੰਦਰ ਨੂੰ, ਵਹਾ ਕੇ ਹੰਝੂਆਂ ਰਾਹੀਂ,
ਇਨ੍ਹਾਂ ਅੱਖੀਆਂ ਦੇ ਪਾਣੀ ਨੇ, ਕਿਨਾਰਾ ਕਰ ਲਿਆ ਸਾਥੋਂ।

ਲਬਾਂ ਤੇ ਗੀਤ ਨਾ ਕੋਈ, ਕਦੇ ਹਾਸਾ ਨਹੀਂ ਆਉਂਦਾ,
ਹਰਿਕ ਆਦਤ ਪੁਰਾਣੀ ਨੇ, ਕਿਨਾਰਾ ਕਰ ਲਿਆ ਸਾਥੋਂ।

ਅਜੇ ਤਾਂ ਲਾਡ ਕਰਨੇ ਸੀ, ਅਜੇ ਰੋਂਦੀ ਵਰ੍ਹਾਉਣੀ ਸੀ,
ਅਸਾਡੀ ਰੀਝ ਇਆਣੀ ਨੇ, ਕਿਨਾਰਾ ਕਰ ਲਿਆ ਸਾਥੋਂ।

ਚਮਨ ਵਿਚ ਫੁੱਲ ਨਾ ਕੋਈ, ਕਿ ਜਿਹੜਾ ਰਾਤ ਨੂੰ ਮਹਿਕੇ,
ਖਿੜੀ ਰਾਤਾਂ ਦੀ ਰਾਣੀ ਨੇ, ਕਿਨਾਰਾ ਕਰ ਲਿਆ ਸਾਥੋਂ।

ਅਸੀਂ ਐਵੇਂ ਗਵਾ ਬੈਠੇ, ਸਮਾਂ ਰੋਕੇ ਨਹੀਂ ਰੁਕਿਆ,
ਜਵਾਨੀ ਖਾਰ-ਖਾਣੀ ਨੇ, ਕਿਨਾਰਾ ਕਰ ਲਿਆ ਸਾਥੋਂ।

ਫਿਰੇ ਹੁਣ ਓਪਰੀ ਬਣ ਕੇ, ਅਸੀਂ ਆਪੇ ਰਚੀ ਸੀ ਜੋ,
ਗ਼ਜ਼ਲ ਜਾਣੀ ਪਛਾਣੀ ਨੇ, ਕਿਨਾਰਾ ਕਰ ਲਿਆ ਸਾਥੋਂ।

ਸੁਜਾਗੇ ਰਾਤ ਹਾਂ ਕਟਦੇ, ਚਿਰਾਂ ਤੋਂ ਸਿਲਸਿਲਾ ਏਹੋ,
ਇਵੇਂ ਨੀਂਦਰ ਨਿਮਾਣੀ ਨੇ, ਕਿਨਾਰਾ ਕਰ ਲਿਆ ਸਾਥੋਂ।
•





ਸੁਰਾਂ ਦੇ ਵਿਚ ਦੀ ਢਲ ਕੇ, ਗ਼ਜ਼ਲ ਮੇਰੀ ਸਜਾ ਦੇ।
ਚਿਰਾਗਾਂ ਵਾਂਗਰਾਂ ਬਲ਼ ਕੇ, ਗ਼ਜ਼ਲ ਮੇਰੀ ਸਜਾ ਦੇ।

ਜਰਾ ਹੱਥੀਂ ਲਗਾ ਮਹਿੰਦੀ, ਤੇ ਪੈਰੀਂ ਝਾਂਜਰਾਂ ਪਾ,
ਤੂੰ ਵਟਣਾ ਦੇਹੀ ਤੇ ਮਲ਼ ਕੇ, ਗ਼ਜ਼ਲ ਮੇਰੀ ਸਜਾ ਦੇ।

ਦਿਵਾ ਮੇਰੀ ਗ਼ਜ਼ਲ ਨੂੰ, ਚੰਨ ਤੋਂ ਚਾਨਣ ਉਧਾਰਾ,
ਸਿਤਾਰੇ ਅਰਸ਼ ਤੋਂ ਛਲ਼ ਕੇ, ਗ਼ਜ਼ਲ ਮੇਰੀ ਸਜਾ ਦੇ।

ਯੁਗਾਂ ਵਰਗੇ ਪਲਾਂ ਤੋਂ ਦਿਨ, ਦਿਨਾਂ ਤੋਂ ਸਾਲ ਹੋਏ,
ਕਿਤੋਂ ਆਜਾ ਤੂੰ ਅਜ ਭਲਕੇ, ਗ਼ਜ਼ਲ ਮੇਰੀ ਸਜਾ ਦੇ।

ਇਨ੍ਹਾਂ ਰਾਹਾਂ ਤੇ ਸੜ ਜਾਂਦੇ, ਬਚਾਵੀਂ ਪੈਰ ਅਪਣੇ,
ਤੂੰ ਮੇਰੀ ਪੈੜ ਤੇ ਚਲ ਕੇ, ਗ਼ਜ਼ਲ ਮੇਰੀ ਸਜਾ ਦੇ।

ਰਵਾਨੀ ਸ਼ਿਅਰ ਵਿਚ ਭਰਕੇ, ਹਵਾਲੇ ਬਹਿਰ ਦੇ ਕਰ,
ਕਲਮ ਦੇ ਨਾਲ ਤੂੰ ਰਲ਼ ਕੇ, ਗ਼ਜ਼ਲ ਮੇਰੀ ਸਜਾ ਦੇ।

ਤਿਰੇ ਹੋਠਾਂ ਤੇ ਹੀ ਸਜਣੀ, ਲਿਖੀ ਤੇਰੇ ਹੀ ਕਰਕੇ,
ਸੁਣਾ ਇਕ ਵਾਰ ਸੰਭਲ ਕੇ, ਗ਼ਜ਼ਲ ਮੇਰੀ ਸਜਾ ਦੇ।

ਤੁਫਾਨਾਂ ਦੇ ਸਤਾਏ ਜੀ ਰਹੇ ਹਾਂ ਥਰ-ਥਰਾ ਕੇ,
ਹਵਾ ਦੇ ਵੇਗ ਨੂੰ ਠੱਲ ਕੇ ਗ਼ਜ਼ਲ ਮੇਰੀ ਸਜਾ ਦੇ।

ਕਦੋਂ ਤੀਕਰ ਵਿਛਾਵਾਂ ਮੈਂ, ਤਿਰੇ ਰਸਤੇ 'ਚ ਅੱਖਾਂ,
ਸੁਨੇਹਾ ਆਉਣ ਦਾ ਘਲ ਕੇ, ਗ਼ਜ਼ਲ ਮੇਰੀ ਸਜਾ ਦੇ।
•

▯

ਖੁਦ ਮੁਸਾਫਿਰ ਰੱਖਦੇ ਜਦ, ਮੰਜਿਲਾਂ ਤੋਂ ਫਾਸਲੇ।
ਫੇਰ ਕੀਕਣ ਘਟਣਗੇ, ਦਿਲ ਦੇ ਦਿਲਾਂ ਤੋਂ ਫਾਸਲੇ।

ਦੋਸਤੋ ਸੱਥਰ ਵਿਛਾਓ, ਮਾਤਮਾਂ ਦਾ ਦੌਰ ਹੈ,
ਮਿਟ ਗਏ ਮਕਤਲ ਦੇ ਦੇਖੋ, ਕਾਤਿਲਾਂ ਤੋਂ ਫਾਸਲੇ।

ਦੇਖ ਕੇ ਮਿਲਦੇ ਤਸੀਹੇ, ਆਪ ਅਪਣੀ ਨਜ਼ਮ ਨੂੰ,
ਰੱਖਦੇ ਸ਼ਾਇਰ ਬਣਾ ਕੇ, ਮਹਿਫਲਾਂ ਤੋਂ ਫਾਸਲੇ।

ਡੁੱਬਿਆਂ ਲੋਕਾਂ ਦਾ ਐਵੇਂ, ਪੁੱਛ ਬੈਠੇ ਸੀ ਪਤਾ,
ਤਾਂ ਸਮੁੰਦਰ ਨੇ ਬਣਾਏ, ਸਾਹਿਲਾਂ ਤੋਂ ਫਾਸਲੇ।

ਲੀਡਰਾਂ ਦੀ ਨੇੜਤਾ ਜੋ, ਕੁਛ ਦਿਨਾਂ ਦੀ ਖੇਡ ਹੈ,
ਪੰਜ ਸਾਲਾਂ ਵਾਸਤੇ ਫਿਰ, ਨਿਰਬਲਾਂ ਤੋਂ ਫਾਸਲੇ।

ਆਪਣੇ ਅੰਦਰ ਹੀ ਸਾਂਭੀ ਰੱਖਣਾ ਜੇ ਇਲਮ ਨੂੰ,
ਫਾਜ਼ਲਾਂ ਕਦ ਮੇਟਣੇ ਫਿਰ, ਗਾਫਿਲਾਂ ਤੋਂ ਫਾਸਲੇ।

ਖੰਜ਼ਰਾਂ ਦਾ ਸਾਥ ਦਿੰਦੇ, ਇਸ ਨਗਰ ਦੇ ਲੋਕ ਵੀ,
ਪਾ ਰਹੇ ਨੇ ਚੁਪ ਚੁਪੀਤੇ, ਬਿਸਮਿਲਾਂ ਤੋਂ ਫਾਸਲੇ।

•



▯

ਗ਼ਜ਼ਲ ਦਾ ਰੂਪ ਧਰ ਕੇ, ਇਕ ਤੇਰਾ ਖਿਆਲ ਆਇਆ।
ਅਸਾਂ ਨੂੰ ਜਿਦ ਤੇ ਅੜ ਕੇ, ਇਕ ਤੇਰਾ ਖਿਆਲ ਆਇਆ।

ਸੁਗੰਧਾਂ ਵਿਚ ਲਪੇਟੀ, ਵਸਲ ਦਾ ਕੋਈ ਸੁਨੇਹਾ,
ਵਫਾ ਦੀ ਹਾਮੀ ਭਰ ਕੇ, ਇਕ ਤੇਰਾ ਖਿਆਲ ਆਇਆ।

ਸਿਦਕ ਤਾਂ ਮਰ ਗਿਆ ਸੀ, ਸੋਚ ਵੀ ਕੈਦ ਹੋਈ,
ਫਲਕ 'ਚੋਂ ਤਦ ਉਤਰ ਕੇ, ਇਕ ਤੇਰਾ ਖਿਆਲ ਆਇਆ।

ਜਦੋਂ ਵੀ ਰੀਣ ਭਰ ਹੀ, ਟਿਕ ਟਿਕਾਈ ਜਿੰਦਗਾਨੀ,
ਹਨੇਰੀ ਵਾਂਗ ਚੜ੍ਹ ਕੇ, ਇਕ ਤੇਰਾ ਖਿਆਲ ਆਇਆ।

ਮਿਰੇ ਕਾਬੂ ਨਹੀਂ ਹੈ, ਇਹ ਅਵਾਰਾ ਖਾਬ ਮੇਰਾ,
ਨਦੀ ਦਰਦਾਂ ਦੀ ਤਰ ਕੇ, ਇਕ ਤੇਰਾ ਖਿਆਲ ਆਇਆ।

ਪਤਾ ਪੁਛਦਾ ਸੀ ਮੇਰਾ, ਆਣ ਕੇ ਮੇਰੇ ਹੀ ਕੋਲੋਂ,
ਗਮਾਂ ਦੇ ਹੜ੍ਹ 'ਚ ਹੜ੍ਹਕੇ, ਇਕ ਤੇਰਾ ਖਿਆਲ ਆਇਆ।

ਸਿਤਮ ਝੱਲੇ ਬਥੇਰੇ, 'ਰਾਜ' ਹੁਣ ਹਿੰਮਤ ਨ ਬਾਕੀ,
ਕਜ਼ਾ ਤੋਂ ਅੱਜ ਡਰ ਕੇ, ਇਕ ਤੇਰਾ ਖਿਆਲ ਆਇਆ।

•

ਗਮਾਂ ਨੂੰ ਪੀਣ ਦਾ, ਕੋਈ ਕਿਤੇ ਹੀਲਾ ਕਰੇ।
ਘੜੀ ਪਲ ਜੀਣ ਦਾ, ਕੋਈ ਕਿਤੇ ਹੀਲਾ ਕਰੇ।

ਕਿਤੇ ਤਾਂ ਸੜਸੜਾ ਕੇ, ਅੰਨ ਵੀ ਰੁਲ਼ਦਾ ਰਹੇ,
ਨਿਵਾਲੇ ਰੀਣ ਦਾ, ਕੋਈ ਕਿਤੇ ਹੀਲਾ ਕਰੇ।

ਸਦਾ ਬਲ ਆਪਣੇ ਦਾ ਰੱਖਦਾ ਹੈ ਦਬਦਬਾ,
ਜਦੋਂ ਬਲਹੀਣ ਦਾ, ਕੋਈ ਕਿਤੇ ਹੀਲਾ ਕਰੇ।

ਨਿਤਾਣੇ ਦੀ ਸੁਣੀਂਦੀ, ਜਦ ਕਿਤੇ ਆਵਾਜ਼ ਨਾ,
ਲਬਾਂ ਨੂੰ ਸੀਣ ਦਾ, ਕੋਈ ਕਿਤੇ ਹੀਲਾ ਕਰੇ।

ਗਵਾ ਹੀ ਨਾ ਲਵੇ, ਐਵੇਂ ਕਿਤੇ ਪਤ ਆਪਣੀ,
ਤਦੇ ਨਾ ਖੀਣ ਦਾ, ਕੋਈ ਕਿਤੇ ਹੀਲਾ ਕਰੇ।

ਤਮਾਸ਼ਾ ਇਸ਼ਕ ਦਾ ਓਹੀ ਪੁਰਾਣੀ ਖੇਡ ਹੈ
ਬਣਨ ਪਰਵੀਣ ਦਾ, ਕੋਈ ਕਿਤੇ ਹੀਲਾ ਕਰੇ।

ਸ਼ਿਕਾਰੀ ਦਾ ਫਸਾਇਆ, ਜਾਲ ਵਿਚੋਂ ਤੜਪਦਾ,
ਜਨੌਰ ਉਡੀਣ ਦਾ, ਕੋਈ ਕਿਤੇ ਹੀਲਾ ਕਰੇ।

•



ਜੋ ਜ਼ਿੰਦਗੀ 'ਚੋਂ ਗਵਾਇਆ, ਖ਼ੂਬਸੂਰਤ ਸਮਾਂ।
ਉਹ ਫੇਰ ਮੁੜ ਕੇ ਨਾ ਆਇਆ, ਖ਼ੂਬਸੂਰਤ ਸਮਾਂ।

ਫੁੱਲਾਂ 'ਚੋਂ ਖੁਸ਼ਬੋ ਜਿਵੇਂ, ਭੌਰਾਂ ਨੇ ਖਿਸਕਾ ਲਈ,
ਮੇਰਾ ਕਿਸੇ ਨੇ ਚੁਰਾਇਆ, ਖ਼ੂਬਸੂਰਤ ਸਮਾਂ।

ਇਸ ਔਧ ਦੇ ਅੰਤ ਤੀਕਰ, ਯਾਦ ਮੇਰੇ ਰਹੂ,
ਕਦ ਭੁੱਲਦਾ ਹੈ ਭੁਲਾਇਆ, ਖ਼ੂਬਸੂਰਤ ਸਮਾਂ।

ਦੁਖ ਦਰਦ, ਸ਼ਿਕਵੇ ਸ਼ਿਕਾਇਤਾਂ ਤੇ ਕਦੇ ਝੋਰਿਆਂ,
ਸੀ ਕੰਡਿਆਂ ਤੇ ਨਚਾਇਆ, ਖ਼ੂਬਸੂਰਤ ਸਮਾਂ।

ਫਿਰ ਜ਼ਿੰਦਗੀ ਨੂੰ ਮਿਲੇ, ਹਰ ਮੋੜ ਤੇ ਹਾਦਸੇ,
ਜਦ ਏਹ ਹੋਇਆ ਪਰਾਇਆ, ਖ਼ੂਬਸੂਰਤ ਸਮਾਂ।

ਹਰ ਅੱਖ ਹੀ ਨਮ ਹੋਈ, ਸੁਣ ਕੇ ਮਿਰੀ ਦਾਸਤਾਂ,
ਮਹਫਿਲ 'ਚ ਜਦ ਮੈਂ ਸੁਣਾਇਆ, ਖ਼ੂਬਸੂਰਤ ਸਮਾਂ।

•

ਜਿਵੇਂ ਮੇਘਾਂ ਨੂੰ ਸਾਗਰ ਨੇ, ਦਰਾਂ ਤੋਂ ਮੋੜਿਆ ਖਾਲੀ।
ਉਵੇਂ ਸਾਨੂੰ ਵੀ ਦਿਲਬਰ ਨੇ, ਦਰਾਂ ਤੋਂ ਮੋੜਿਆ ਖਾਲੀ।

ਭੁਲੇਖੇ ਮੋਤੀਆਂ ਦੇ ਰਹਿ ਗਏ ਉਹ ਠੂੰਗਦੇ ਪੱਥਰ,
ਜਦੋਂ ਹੰਸਾਂ ਨੂੰ ਸਰਵਰ ਨੇ, ਦਰਾਂ ਤੋਂ ਮੋੜਿਆ ਖਾਲੀ।

ਕਜ਼ਾ ਦੇ ਰੂਬਰੂ ਹੋ ਕੇ, ਅਸਾਂ ਨੂੰ ਯਾਦ ਫਿਰ ਆਇਆ,
ਜਦੋਂ ਸਾਨੂੰ ਸੀ ਰਹਿਬਰ ਨੇ, ਦਰਾਂ ਤੋਂ ਮੋੜਿਆ ਖਾਲੀ।

ਖੜੇ ਪਰਦੇਸੀਆਂ ਨੂੰ ਦੇਖਿਆ ਜਦ ਵੀ ਬਰੂਹਾਂ ਤੇ,
ਅਸਾਡੇ ਆਪਣੇ ਘਰ ਨੇ, ਦਰਾਂ ਤੋਂ ਮੋੜਿਆ ਖਾਲੀ।

ਰਤੀ ਔਕਾਤ ਨਾ ਸਾਡੀ, ਉਦੋਂ ਸੀ ਜਾਣਿਆਂ ਏਹੋ
ਜਦੋਂ ਦਾਤਾਰ ਕਾਦਰ ਨੇ, ਦਰਾਂ ਤੋਂ ਮੋੜਿਆ ਖਾਲੀ।

ਨਿਥਾਵੇਂ ਦੇਖ ਕੇ ਸਾਨੂੰ, ਕਿਸੇ ਨੇ ਠਹੁਰ ਕੀ ਦਿੱਤੀ,
ਘੁਸੜ ਕੇ ਇਕ ਮੁਹਾਜ਼ਰ ਨੇ, ਦਰਾਂ ਤੋਂ ਮੋੜਿਆ ਖਾਲੀ।

ਸਜ਼ਾ ਇਹ 'ਰਾਜ' ਹੈ ਤੇਰੀ, ਕਿਸੇ ਦਾ ਹੋ ਨਹੀਂ ਸਕਿਓਂ
ਤਿਰੇ ਅਪਣੇ ਮੁਕੱਦਰ ਨੇ, ਦਰਾਂ ਤੋਂ ਮੋੜਿਆ ਖਾਲੀ।

•



ਬਲ਼ ਰਹੇ ਸੂਰਜ ਨੇ ਆਖੀ, ਵੇਦਨਾ ਪਰਭਾਤ ਨੂੰ।
ਮਿਲਣ ਹੋਵੇਗਾ ਕਿਵੇਂ, ਅਪਣਾ ਭਲਾ ਬਰਸਾਤ ਨੂੰ।

ਤਾਰਿਆਂ ਦੀ ਓੜ੍ਹ ਚੁੰਨੀ, ਨੀਂਦ ਗੂਹੜੀ ਸੌਂ ਗਈ,
ਟੁੱਟਿਆ ਜੇ ਇਕ ਤਾਰਾ, ਕੀ ਖ਼ਬਰ ਹੈ ਰਾਤ ਨੂੰ।

ਲੰਮੀਆਂ ਉਮਰਾਂ ਦੀ ਏਥੇ, ਮੰਗਦਾ ਕਿਹੜਾ ਦੁਆ,
ਜ਼ਿੰਦਗੀ ਤੋਂ ਕੰਮ ਕੀ, ਪਰਵਾਨਿਆਂ ਦੀ ਜ਼ਾਤ ਨੂੰ।

ਸਾਂਭਿਆ ਹੈ ਖ਼ਤ ਕਿਸੇ ਦਾ, ਜਾਨ ਤੋਂ ਵੀ ਕੀਮਤੀ,
ਹਰ ਹਰਫ਼ ਦੇਵੇ ਦਿਲਾਸਾ, ਠੋਰ ਕੇ ਜ਼ਜਬਾਤ ਨੂੰ।

ਥਰਥਰਾ ਕੇ ਕੱਟਣੇ ਦਿਨ, ਹੋਂਦ ਲੈ ਕੇ ਕਾਠ ਦੀ,
ਅੱਗ ਜੋ ਠੁਕਰਾ ਗਈ ਹੈ, ਚੱਲਦੀ ਗਲਬਾਤ ਨੂੰ।

ਚੌਂਹ ਦਿਸ਼ਾਵੀਂ ਫੈਲਿਆ ਜੋ, ਯਾਰ ਹੀ ਤਾਂ ਰੱਬ ਹੈ,
ਬੰਦ ਅੱਖਾਂ ਨਾਲ ਜਦ ਮੈਂ, ਤੱਕਿਆ ਕਾਇਨਾਤ ਨੂੰ।

ਸਮਝਦੇ ਸੁਪਨੇ ਨ ਮੇਰੇ, ਮੈਂ ਬੜਾ ਸਮਝਾ ਰਿਹਾ,
ਬੇਖ਼ਬਰ ਇਹ ਜਾਣਦੇ ਨਾ, 'ਰਾਜ' ਦੇ ਹਾਲਾਤ ਨੂੰ।

•

□
ਕਦੇ ਹੱਸੇ ਕਦੇ ਰੋਏ ਗ਼ਜ਼ਲ ਰਾਹੀਂ।
ਕਦੇ ਜੀਏ ਕਦੇ ਮੋਏ ਗ਼ਜ਼ਲ ਰਾਹੀਂ।

ਬਦਲ ਕੇ ਹੌਂਕਿਆਂ ਤੋਂ,ਇਹ ਹਰਫ ਮੇਰੇ,
ਉਜਾਗਰ ਆਪ ਹੀ ਹੋਏ ਗ਼ਜ਼ਲ ਰਾਹੀਂ।

ਜਦੋਂ ਮਹਿਫਿਲ 'ਚ ਮੈਨੂੰ,ਦੇਖਿਆ ਉਸ ਨੇ,
ਉਦੋਂ ਦਰ ਯਾਰ ਨੇ ਢੋਏ ਗ਼ਜ਼ਲ ਰਾਹੀਂ।

ਸਿਦਕ ਮੇਰਾ ਸਦਾ ਹੈ ਆਖਦਾ ਮੈਨੂੰ,
ਮਿਲਾਂਗੇ ਫਿਰ ਕਿਤੇ ਦੋਏ ਗ਼ਜ਼ਲ ਰਾਹੀਂ।

ਸ਼ਿਕਨ ਮੱਥੇ ਤੇ ਨਾ ਆਈ ਕਦੇ ਤੇਰੇ,
ਉਲ੍ਹਾਮੇ ਅਸ਼ਕ ਬਣ ਚੋਏ ਗ਼ਜ਼ਲ ਰਾਹੀਂ।

ਕਸਕ ਦਿਲ ਦੀ ਜਦੋਂ ਵੀ ਰੌਸ਼ਨੀ ਬਣਦੀ,
ਲਿਖਾਂ ਫਿਰ ਦਰਦ ਮੈਂ ਲੋਏ ਗ਼ਜ਼ਲ ਰਾਹੀਂ।

ਵਫਾ ਮੇਰੀ ਤੇ ਜਿਹੜੇ ਦਾਗ ਹਨ ਲੱਗੇ,
ਨਹੀ ਜਾਂਦੇ, ਬੜੇ ਧੋਏ ਗ਼ਜ਼ਲ ਰਾਹੀਂ।
•



□
ਦੋਸਤਾ ਜ਼ਜਬਾਤ ਸਾਨੂੰ, ਆਪਣੇ ਕਹਿ ਲੈਣ ਦੇ।
ਕੰਕਰਾਂ ਤੇ ਮੋਤੀਆਂ ਵਿਚ, ਫਾਸਲੇ ਰਹਿ ਲੈਣ ਦੇ।

ਡੂੰਘੀਆਂ ਝੀਲਾਂ ਦੇ ਵਿਚ ਹੀ, ਡੁੱਬ ਜਾਣਾ ਹੈ ਅਸੀਂ,
ਨੀਲਿਆਂ ਨੈਣਾਂ 'ਚ ਸਾਨੂੰ, ਹੋਰ ਵੀ ਲਹਿ ਲੈਣ ਦੇ।

ਸੰਦਲੀ ਸਾਹਾਂ 'ਚੋਂ ਤੇਰੇ, ਮਹਿਕਦੀ ਲੰਘੇ ਹਵਾ,
ਬਸ ਹਵਾ ਨੂੰ ਸੰਦਲਾਂ ਦੇ, ਨਾਲ ਦੀ ਖਹਿ ਲੈਣ ਦੇ।

ਆਪ ਹੀ ਮਕਤੂਲ ਨੂੰ ਹੈ, ਕਤਲ ਹੋਣੇ ਦੀ ਤਲਬ,
ਇਸ਼ਕ ਦੀ ਭੱਠੀ 'ਚ ਬਾਲਣ, ਬਣ ਜਰਾ ਡਹਿ ਲੈਣ ਦੇ।

ਗੁਣਗੁਣਾਉਂਦੀ ਅੱਖ ਸਾਡੀ, ਯਾਰ ਤੈਨੂੰ ਦੇਖ ਕੇ,
ਸੰਗ ਦੀ ਦੀਵਾਰ ਏਹੋ, ਦਿਲਬਰਾ ਢਹਿ ਲੈਣ ਦੇ।

ਜ਼ਿੰਦਗੀ ਨੇ ਥਲ ਤਪਾਏ, ਨਾਲ ਦਿੱਤੀ ਭਟਕਣਾ,
ਬੂਟਿਆ ਘਣਛਾਵਿਆਂ, ਛਾਵੇਂ ਜ਼ਰਾ ਬਹਿ ਲੈਣ ਦੇ।

ਮੁੰਤਜ਼ਰ ਹੈ ਦੇਰ ਤੋਂ, ਹੋਵੇ ਵਿਸਾਲੇ ਯਾਰ ਕਦ,
ਦਰਦ ਤੇਰੇ 'ਰਾਜ' ਨੂੰ, ਵੀ ਵੰਡ ਕੇ ਸਹਿ ਲੈਣ ਦੇ।
•

ਨਸ਼ਾ ਬਣ ਕੇ ਨਾ ਲਗ ਜਾਵੀਂ, ਜਵਾਨੀ ਰੋਲ਼ ਨਾ ਦੇਵੀਂ।
ਮੁਹੱਬਤ ਦੇ ਸ਼ੁਦਾਈਆਂ ਨੂੰ, ਤੂੰ ਮੰਦਾ ਬੋਲ ਨਾ ਦੇਵੀਂ।

ਮੈਂ ਫੁੱਲਾਂ ਵਾਂਗਰਾਂ ਮਹਿਕਾਂ, ਕਿ ਮੇਰੀ ਚੋਭ ਨਾ ਕੋਈ,
ਕਿਤੇ ਤੂੰ ਕੰਡਿਆ ਦੇ ਭਾਅ, ਹੀ ਮੈਨੂੰ ਤੋਲ ਨਾ ਦੇਵੀਂ।

ਤਿਰੀ ਨਾਂਹ ਤੋਂ ਮਿਲੇ ਦੋਜ਼ਖ, ਤਿਰੀ ਹਾਂ ਤੋਂ ਮਿਲੇ ਜੰਨਤ,
ਬਹਾਨੇ ਨਾਲ ਹੀ ਗਲਬਾਤ, ਕਰ ਤੂੰ ਗੋਲ ਨਾ ਦੇਵੀਂ।

ਮਲਾਹਾਂ ਬਾਝ ਬੇੜੀ ਕੀ, ਕਿਸੇ ਨੇ ਪਾਰ ਲਾਉਣੀ ਹੈ,
ਕਿਤੇ ਕਰ ਜ਼ਿੰਦਗੀ ਸਾਡੀ ਤੂੰ ਡਾਵਾਂਡੋਲ ਨਾ ਦੇਵੀਂ।

ਤਿਰੇ ਮੈਂ ਕੋਲ ਹੋ ਕੇ ਵੀ, ਰਿਹਾ ਸੀ ਦੂਰ ਹੀ ਤੈਥੋਂ,
ਰਕੀਬਾਂ ਕੋਲ ਦਿਲ ਦਾ ਭੇਤ, ਈਕਣ ਖੋਲ੍ਹ ਨਾ ਦੇਵੀਂ।

ਬਿਨਾ ਤੇਰੇ ਨ ਜੀ ਹੋਣਾ, ਪਤਾ ਤੈਨੂੰ ਵੀ ਹੈ ਏਹੋ,
ਮਿਰਾ ਪਰਦਾ ਢਕੀ ਰੱਖੀਂ, ਕਿਤੇ ਤੂੰ ਫੋਲ ਨਾ ਦੇਵੀਂ।

ਖੁਦਾ ਚੌਖ਼ਟ ਤਿਰੀ ਤੋਂ ਮੈਂ, ਸਿਵਾ ਦਿਲਦਾਰ ਕੀ ਮੰਗਾਂ,
ਦਰਾਂ ਤੋਂ 'ਰਾਜ' ਨੂੰ ਪਰਤਾ, ਤੂੰ ਖਾਲੀ ਝੋਲ ਨਾ ਦੇਵੀਂ।
•





ਸਮੇਂ ਦੀ ਮਾਰ ਦੇ ਅੱਗੇ ਸ਼ਰਾਫਤ ਹਾਰ ਜਾਂਦੀ।
ਕੁਲੱਜੇ ਯਾਰ ਦੇ ਅੱਗੇ ਸ਼ਰਾਫਤ ਹਾਰ ਜਾਂਦੀ।

ਤੁਸੀਂ ਭਾਵੇਂ ਬਚੋ ਜਿੰਨਾਂ ਵੀ ਝਗੜੇ ਝੇੜਿਆਂ ਤੋਂ,
ਤਣੇ ਹਥਿਆਰ ਦੇ ਅੱਗੇ, ਸ਼ਰਾਫਤ ਹਾਰ ਜਾਂਦੀ।

ਜਦੋਂ ਅਪਣੇ ਹਰਾਉਂਦੇ ਦੁਸ਼ਮਣਾਂ ਦੇ ਨਾਲ ਰਲ਼ ਕੇ
ਮਿਲੀ ਉਸ ਹਾਰ ਦੇ ਅੱਗੇ,ਸ਼ਰਾਫਤ ਹਾਰ ਜਾਂਦੀ।

ਅਜੋਕੇ ਦੌਰ ਵਿਚ ਸੌਖੀ ਨਹੀਂ ਗਾਂਧੀਗਿਰੀ ਵੀ,
ਬੁਰੇ ਦੇ ਵਾਰ ਦੇ ਅੱਗੇ, ਸ਼ਰਾਫਤ ਹਾਰ ਜਾਂਦੀ।

ਖੜੀ ਵਿਸ਼ਵਾਸ ਦੇ ਉੱਤੇ, ਮੁਹੱਬਤ ਦੀ ਇਮਾਰਤ,
ਖੁਸੇ ਇਤਬਾਰ ਦੇ ਅੱਗੇ, ਸ਼ਰਾਫਤ ਹਾਰ ਜਾਂਦੀ।

ਬਲੀ ਜਦ ਜ਼ਾਤ ਦੀ ਚੜ੍ਹਕੇ,ਕਿਤੇ ਵੀ ਇਸ਼ਕ ਮਰਦਾ,
ਉਦੋਂ ਸੰਸਾਰ ਦੇ ਅੱਗੇ ਸ਼ਰਾਫਤ ਹਾਰ ਜਾਂਦੀ।

ਗਰੀਬਾਂ ਦਾ ਲਹੂ ਭਰਦਾ, ਅਮੀਰਾਂ ਦੀ ਤਿਜ਼ੋਰੀ,
ਤਦੇ ਸਰਕਾਰ ਦੇ ਅੱਗੇ, ਸ਼ਰਾਫਤ ਹਾਰ ਜਾਂਦੀ।

ਉਵੇਂ ਇਨਸਾਨ ਦੀ ਕੀਮਤ, ਰਤਾ ਭਰ ਪਿਆਰ ਹੀ ਹੈ,
ਮਗਰ ਹੰਕਾਰ ਦੇ ਅੱਗੇ, ਸ਼ਰਾਫ਼ਤ ਹਾਰ ਜਾਂਦੀ

ਸਿਦਕ ਅੱਗੇ ਹਮੇਸ਼ਾ 'ਰਾਜ',ਦੁਨੀਆਂ ਸਿਰ ਝੁਕਾਵੇ,
ਗਿਰੇ ਕਿਰਦਾਰ ਦੇ ਅੱਗੇ, ਸ਼ਰਾਫ਼ਤ ਹਾਰ ਜਾਂਦੀ।
•

□

ਨਿਰਬਲਾਂ ਦੀ ਹੋਂਦ ਤੇ, ਬਲਵਾਨ ਦਾ ਗਲ਼ਬਾ।
ਇਸ ਤਰ੍ਹਾਂ ਹੈ ਹਰ ਜਗ੍ਹਾ, ਸ਼ੈਤਾਨ ਦਾ ਗਲ਼ਬਾ।

ਕਰ ਮੁਸ਼ੱਕਤ ਆਦਮੀ, ਬਸ ਖਾ ਸਕੇ ਰੋਟੀ,
ਇਸ ਜ਼ਮਾਨੇ ਤੇ ਸਦਾ, ਧਨਵਾਨ ਦਾ ਗਲ਼ਬਾ।

ਮੌਤ ਫਿਰਦੀ ਦਨ-ਦਨਾਉਂਦੀ, ਰੋਜ਼ ਸੜਕਾਂ ਤੇ,
ਹਰ ਗਲੀ ਤੇ ਪੈ ਗਿਆ, ਸ਼ਮਸ਼ਾਨ ਦਾ ਗਲ਼ਬਾ।

ਖ਼ੁਦ ਕਦੇ ਨਾ ਮੰਨਦੇ, ਅਪਣੀ ਮਨਾਉਂਦੇ ਨੇ,
ਮਾਪਿਆਂ ਤੇ ਇਸ ਤਰ੍ਹਾਂ ਸੰਤਾਨ ਦਾ ਗਲ਼ਬਾ।

ਮੰਦਰਾਂ ਦੀ ਬਣ ਸਜਾਵਟ, ਰਹਿ ਗਿਆ ਦੇਖੋ,
ਦੋਸਤੋ ਉਹ ਨਾ ਰਿਹਾ, ਭਗਵਾਨ ਦਾ ਗਲ਼ਬਾ।

ਕੂੜ ਆਪੇ ਹੀ ਸੁਣਾਉਂਦਾ, ਕੂੜ ਦੀ ਗਾਥਾ,
ਇਸ ਤਰ੍ਹਾਂ ਦਾ ਕੂੜ ਦੇ ਸੁਲਤਾਨ ਦਾ ਗਲ਼ਬਾ।

ਜੋ ਲੁੜੀਂਦਾ ਜੀਣ ਖਾਤਿਰ, ਥੋੜ ਹੈ ਉਸਦੀ,
ਹਰ ਤਰਫ਼ ਹੀ ਮੌਤ ਦੇ ਸਾਮਾਨ ਦਾ ਗਲ਼ਬਾ।

ਅਕਲ ਭਾਵੇਂ ਵਧ ਗਈ, ਸਤਿਕਾਰ ਹੈ ਘਟਿਆ,
ਮਾਣ ਦੀ ਥਾਂ ਹੋ ਗਿਆ, ਅਪਮਾਨ ਦਾ ਗਲ਼ਬਾ।

ਬੇਈਮਾਨੀ 'ਰਾਜ' ਸਭ ਨੂੰ ਰਾਸ ਆ ਜਾਂਦੀ,
ਨਾਲ ਹੀ ਵਧਦਾ ਰਹੇ ਅਭਿਮਾਨ ਦਾ ਗਲ਼ਬਾ।

•



□

ਰੁੱਖੀ ਮਿੱਸੀ ਖਾ ਕੇ ਲੋਕੀ।
ਬੈਠੇ ਦਿਲ ਸਮਝਾ ਕੇ ਲੋਕੀ।

ਅਪਣੀ ਕੀਤੀ ਹਰ ਗਲਤੀ ਨੂੰ,
ਰੱਖਣ ਆਪ ਛੁਪਾ ਕੇ ਲੋਕੀ।

ਵੋਟਾਂ ਪਾਉਂਦੇ, ਚੁਣਨਾ ਲੀਡਰ
ਆਉਂਦੇ ਵੋਟ ਗਵਾ ਕੇ ਲੋਕੀ।

ਜਿੱਥੇ ਚਲਦਾ ਘੱਟ ਨ ਕਰਦੇ,
ਰੱਖਣ ਜੋਰ ਚਲਾ ਕੇ ਲੋਕੀ।

ਦੁਖ ਤਕਲੀਫਾਂ, ਧੋਖੇ ਧੜੀਆਂ,
ਜੀਂਦੇ ਸਭ ਹੰਢਾ ਕੇ ਲੋਕੀ।

ਅੰਦਰ ਦੱਬੇ, ਹੌਕੇ ਕੱਜਣ,
ਉਪਰੋਂ ਬਸ ਮੁਸਕਾ ਕੇ ਲੋਕੀ।

ਤੁਰ ਪੈਂਦੇ ਨੇ ਹਾਸੇ ਵੰਡਣ,
ਪੀੜਾਂ ਲੱਖ ਦਬਾ ਕੇ ਲੋਕੀ।

ਖ਼ੁਸ਼ੀਆਂ ਭਾਲਣ ਏਸੇ ਵਿਚੋਂ,
ਪੈਸਾ ਬਹੁਤ ਕਮਾ ਕੇ ਲੋਕੀ।

ਜੁੱਤੀ ਬਣਦੇ ਜਰਵਾਣੇ ਦੀ,
ਅਪਣਾ ਚੰਮ ਲੁਹਾ ਕੇ ਲੋਕੀ।

ਮੰਨ ਮੁਥਾਜ਼ੀ ਨੂੰ ਹੀ ਕਿਸਮਤ,
ਸੌਂਦੇ ਰੱਬ ਧਿਆ ਕੇ ਲੋਕੀ।

ਰਿਸ਼ਵਤ ਦੇ ਕੇ ਕੰਮ ਕਰਾਉਂਦੇ,
ਅਫ਼ਸਰ ਨੂੰ ਪਤਿਆ ਕੇ ਲੋਕੀ।

ਅਪਣੇ ਦਿਲ ਨੂੰ ਦੇਣ ਦਿਲਾਸੇ,
ਝੂਠੇ ਖ਼ਾਬ ਦਿਖਾ ਕੇ ਲੋਕੀ।

ਸੁੱਖਾਂ ਦੇ ਪਲ ਰਹਿਣ ਗਵਾਉਂਦੇ,
ਦੁੱਖਾਂ ਤੋਂ ਘਬਰਾ ਕੇ ਲੋਕੀ।

ਦਿਲ 'ਚੋਂ ਕੱਢਣ ਅਗਲੇ ਹੀ ਪਲ,
ਰਾਜ਼ ਮੁਹੱਬਤ ਪਾ ਕੇ ਲੋਕੀ।

•



ਹੋਇਆ ਕੀ ਜੇ ਪਲ ਦੋ ਉਧਾਰੇ ਮੰਗ ਲਏ।
ਤੈਥੋਂ ਕਿਹੜਾ ਅਰਸ਼ਾਂ ਦੇ ਤਾਰੇ ਮੰਗ ਲਏ।

ਸਮਿਆਂ ਦੀ ਕੁੱਖੋਂ ਜੰਮੇਂ ਵਸਲਾਂ ਦੇ ਸੁਪਨੇ,
ਤੂੰ ਤਾਂ ਮੈਥੋਂ ਸੁਪਨੇ ਹੀ ਸਾਰੇ ਮੰਗ ਲਏ।

ਛੋਟੀ ਜੇਹੀ ਬਾਤ ਤਿਰੀ ਮੁੱਕੀ ਝਟਪਟ ਹੀ,
ਉਮਰਾਂ ਦੇ ਮੈਥੋਂ ਕਿਉਂ, ਹੁੰਗਾਰੇ ਮੰਗ ਲਏ।

ਸੂਰਜ਼ ਦੇ ਦਰ ਉੱਤੇ ਅਲਖ ਜਗਾਈ ਪਹਿਲਾਂ,
ਫੇਰ ਅਸੀਂ ਖੈਰ 'ਚ ਅੰਗਾਰੇ ਮੰਗ ਲਏ।

ਉਮਰਾਂ ਦੇ ਲਾਰੇ ਲਾ ਕੇ, ਛਿਣ ਪਿੱਛੇ ਲੜਦੈਂ,
ਤੈਥੋਂ ਕਿਹੜਾ ਯੁੱਗ ਅਸੀਂ ਚਾਰੇ ਮੰਗ ਲਏ।

ਕੁੱਲੀ ਅਪਣੀ 'ਚ ਦਿਲਾ, ਤੂੰ ਜੇ ਏਨਾਂ ਖੁਸ਼ ਸੀ,
ਐਵੇਂ ਕਾਹਨੂੰ ਰਬ ਤੋਂ ਚੌਬਾਰੇ ਮੰਗ ਲਏ।

ਵਹਿਣ ਨਵੇਂ ਆਸੇ ਪਾਸੇ, ਨਿੱਤ ਰਹੇ ਲਭਦਾ,
ਇਹ ਕੀਹਨੇ ਦਰਿਆ ਦੇ ਦੋ ਕਿਨਾਰੇ ਮੰਗ ਲਏ।

ਏਸ ਬਿਨਾਂ ਹੋਰ ਤੁਸੀਂ, ਸਾਨੂੰ ਦੇਣਾ ਕੀ ਸੀ,
ਤਾਂਹੀ ਅਸਾਂ ਆਪੇ, ਹੰਝੂ ਖਾਰੇ ਮੰਗ ਲਏ।

•

ਮਾਤਮੀਂ ਹਾਲਾਤ ਹੁਣ ਦੇ, ਪੱਥਰਾਂ ਦੇ ਸ਼ਹਿਰ ਵਿਚ।
ਵੈਣ ਪੈਂਦੇ ਰੋਜ਼ ਸੁਣਦੇ, ਪੱਥਰਾਂ ਦੇ ਸ਼ਹਿਰ ਵਿਚ।

ਜ਼ਿੰਦਗੀ ਤੋਂ ਇਸ ਕਦਰ, ਉਕਤਾ ਗਏ ਸਭ ਲੋਕ ਹੁਣ,
ਮੌਤ ਫਿਰਦੇ ਆਪ ਚੁਣਦੇ, ਪੱਥਰਾਂ ਦੇ ਸ਼ਹਿਰ ਵਿਚ।

ਆਪਣੀ ਉਸਤਤ ਕਰਾਉਂਦੇ, ਥੱਕਦੇ ਇਹ ਲੋਕ ਨਾ,
ਦੂਜਿਆਂ ਨੂੰ ਰਹਿਣ ਪੁਣਦੇ, ਪੱਥਰਾਂ ਦੇ ਸ਼ਹਿਰ ਵਿਚ।

ਮੰਦਰਾਂ ਵਿਚ ਦਾਨ ਕਰਦੇ, ਲੋਕ ਮਾਤਰ ਇਸ ਲਈ,
ਪੱਥਰਾਂ ਤੇ ਨਾਮ ਖੁਣਦੇ, ਪੱਥਰਾਂ ਦੇ ਸ਼ਹਿਰ ਵਿਚ।

ਬਚਪਨੇ ਵਿਚ ਝੁਰੜੀਆਂ ਦੇ ਨਾਲ ਚਿਹਰੇ ਭਰ ਗਏ,
ਪੇਟ ਭੁਖ ਦੇ ਨਾਲ ਧੁਣਦੇ, ਪੱਥਰਾਂ ਦੇ ਸ਼ਹਿਰ ਵਿਚ।

ਜ਼ਿਹਨ ਦੀ ਧਰਤੀ ਦੇ ਉਪਰ, ਬੀਜਦੇ ਨੇ ਸ਼ੱਕ ਹੀ।
ਨਫਰਤਾਂ ਨੂੰ ਰਹਿਣ ਲੁਣਦੇ, ਪੱਥਰਾਂ ਦੇ ਸ਼ਹਿਰ ਵਿਚ

ਪੰਛੀਆਂ ਦੇ ਵਾਂਗਰਾਂ, ਇਨਸਾਨ ਫਸਦੇ ਆਣ ਕੇ,
ਰਾਜ ਹੇੜੀ ਜਾਲ਼ ਉਣਦੇ, ਪੱਥਰਾਂ ਦੇ ਸ਼ਹਿਰ ਵਿਚ।
•





ਫਜ਼ਾ ਵਿਚ ਜ਼ਲਜਲੇ ਏਨੇਂ, ਕਰੇ ਤਾਂ ਕੀ ਕਰੇ ਕੋਈ।
ਕਜ਼ਾ ਦੇ ਸਿਲਸਿਲੇ ਏਨੇਂ, ਕਰੇ ਤਾਂ ਕੀ ਕਰੇ ਕੋਈ।

ਭੁਲੇਖੇ ਖਾ ਰਹੇ ਰਾਹੀ, ਅਜੇ ਮੰਜ਼ਲ ਨਹੀਂ ਨੇੜੇ,
ਸਫ਼ਰ ਦੇ ਮਰਹਲੇ ਏਨੇਂ, ਕਰੇ ਤਾਂ ਕੀ ਕਰੇ ਕੋਈ।

ਮਸੀਹਾ ਆਪ ਬੇਬਸ ਹੈ, ਲਵੇ ਕੀ ਸਾਰ ਲੋਕਾਂ ਦੀ,
ਦਿਲਾਂ ਵਿਚ ਵਲਵਲੇ ਏਨੇਂ, ਕਰੇ ਤਾਂ ਕੀ ਕਰੇ ਕੋਈ।

ਨਦੀ ਦਾ ਨੀਰ ਬਾਗੀ ਹੈ, ਵਤਨ ਦੀ ਹੱਦ ਨੂੰ ਟੱਪੇ,
ਵਹਾਅ ਵਿਚ ਹੌਸਲੇ ਏਨੇਂ, ਕਰੇ ਤਾਂ ਕੀ ਕਰੇ ਕੋਈ।

ਵਫ਼ਾ ਬਦਲੇ ਸਦਾ ਸਭ ਨੂੰ, ਵਫ਼ਾ ਏਥੇ ਨਹੀਂ ਮਿਲਦੀ,
ਵਧਾ ਕੇ ਫਾਸਲੇ ਏਨੇਂ, ਕਰੇ ਤਾਂ ਕੀ ਕਰੇ ਕੋਈ।

ਬਹਾਨਾ ਕਰ ਹਨੇਰੀ ਦਾ, ਪਰਿੰਦੇ ਉੱਡਣੋਂ ਮੁੱਕਰੇ,
ਕਿ ਹੋਏ ਮਨਚਲੇ ਏਨੇਂ, ਕਰੇ ਤਾਂ ਕੀ ਕਰੇ ਕੋਈ।

ਬਣਾ ਕੇ ਤਖ਼ਤ ਚੰਦਨ ਦਾ, ਦੁਆਲੇ ਨਾਗ ਲਿਪਟਾਏ,
ਸੁਭਾਅ ਦੇ ਦੋਗਲੇ ਏਨੇਂ, ਕਰੇ ਤਾਂ ਕੀ ਕਰੇ ਕੋਈ।

ਧਮਕ ਸੁਣ ਪੈਰ ਦੀ ਹੀ 'ਰਾਜ',ਹੁਣ ਲੋਕੀ ਤਬਕ ਜਾਂਦੇ,
ਮਨਾਂ ਵਿਚ ਤੌਖ਼ਲੇ ਏਨੇ, ਕਰੇ ਤਾਂ ਕੀ ਕਰੇ ਕੋਈ।
•

ਉਸ ਨੇ ਤਾਰ ਮੁਹੱਬਤ ਦੇ, ਹੋਰ ਕਿਤੇ ਜਾ ਜੋੜੇ ਨੇ।
ਦਿਲ ਦੇ ਟੁਕੜੇ ਕਰ ਦਿੱਤੇ, ਸਾਡੇ ਤੋੜ, ਵਿਛੋੜੇ ਨੇ।

ਚੇਤਰ ਰੁੱਤੇ ਆਉਣੇ ਦਾ, ਉਸ ਨੇ ਕੌਲ ਨਿਭਾਇਆ ਨਾ,
ਬੀਤ ਬਹਾਰਾਂ ਨੇ ਜਾਣਾ, ਦਿਨ ਰਹਿੰਦੇ ਬਸ ਥੋੜੇ ਨੇ।

ਬਾਗਾਂ ਵਿਚ ਵੀ ਚੱਲ ਪਿਆ, ਤੌਰ ਤਰੀਕਾ ਤੇਰਾ ਹੀ,
ਰੁਸ ਕੇ ਹੁਣ ਤਾਂ ਕਲੀਆਂ ਨੇ, ਭੌਰਾਂ ਤੋਂ ਮੁਖ ਮੋੜੇ ਨੇ।

ਓਸ ਲਈ ਐ ਜਿੰਦੇ ਕਿਉਂ, ਤੇਰੇ ਕੋਲ ਅਸੀਸਾਂ ਹੀ,
ਗ਼ਮ ਤੇਰੀ ਝੋਲੀ ਪਾ ਕੇ, ਜਿਸ ਨੇ ਮਾਰੇ ਲੋੜੇ ਨੇ।

ਹਰ ਬੰਦੇ ਨੂੰ ਦੁਨੀਆਂ ਵਿਚ,ਮਨ ਦਾ ਮਹਿਰਮ ਮਿਲਦਾ ਨਾ,
ਏਸ ਲਈ ਹੀ ਜਗ ਉੱਤੇ, ਬਹੁਤੇ ਮੇਲ ਅਜੋੜੇ ਨੇ।

ਬਾਹੀਂ ਚੂੜਾ ਪਾ ਕੇ ਵੀ, ਰੂਪ ਨ ਚੜ੍ਹਿਆ ਉਹਦੇ ਤੇ,
ਜੇਸ ਲਈ ਤੂੰ 'ਰਾਜ' ਸਦਾ, ਅਰਸ਼ੋਂ ਤਾਰੇ ਤੋੜੇ ਨੇ।
•



ਅੱਖ ਹੈ ਹੰਝੂ ਵਹਾਉਂਦੀ, ਸੁਪਨਿਆਂ ਦੇ ਦੇਸ਼ ਅੰਦਰ।
ਦੋਸਤੋ ਨੀਂਦਰ ਨ ਆਉਂਦੀ, ਸੁਪਨਿਆਂ ਦੇ ਦੇਸ਼ ਅੰਦਰ।

ਲੜ ਗਰੀਬੀ ਨਾਲ ਭਾਵੇਂ, ਆ ਗਏ ਹਾਂ ਇਸ ਜਗ੍ਹਾ,ਪਰ,
ਯਾਦ ਵਤਨਾਂ ਦੀ ਸਤਾਉਂਦੀ, ਸੁਪਨਿਆਂ ਦੇ ਦੇਸ਼ ਅੰਦਰ।

ਦਿਨ ਢਲੇ ਹੀ ਮੌਤ ਵਰਗਾ, ਪਸਰਦਾ ਹੈ ਇਕ ਸੰਨਾਟਾ,
ਕੀਰਨੇ ਫਿਰ ਰਾਤ ਪਾਉਂਦੀ, ਸੁਪਨਿਆਂ ਦੇ ਦੇਸ਼ ਅੰਦਰ।

ਰਹਿਣ ਨੂੰ ਹੈ ਮਹਿਲ ਭਾਵੇਂ, ਪਰ ਨਹੀਂ ਹੈ ਉਹ ਤਮੰਨਾ,
ਏਸ ਨੂੰ ਜੋ ਘਰ ਬਣਾਉਂਦੀ, ਸੁਪਨਿਆਂ ਦੇ ਦੇਸ਼ ਅੰਦਰ।

ਭਰ ਜਵਾਨੀ ਵਿਚ ਆ ਕੇ, ਫੁੱਲ ਵੀ ਮੁਰਝਾਉਣ ਏਥੇ,
ਹਰ ਕਲੀ ਮਹਿਕਾਂ ਗਵਾਉਂਦੀ, ਸੁਪਨਿਆਂ ਦੇ ਦੇਸ਼ ਅੰਦਰ।

ਸੁਪਨਿਆਂ ਤੇ ਛਾ ਗਈ ਹੈ, ਇਸ ਕਦਰ ਕੋਝੀ ਹਕੀਕਤ,
ਜ਼ਿੰਦਗੀ ਹੈ ਡਗਮਗਾਉਂਦੀ, ਸੁਪਨਿਆਂ ਦੇ ਦੇਸ਼ ਅੰਦਰ।

ਦੁੱਧ ਦੀ ਥਾਂ ਰਿੜਕਦੀ, ਏਥੇ ਸਵਾਣੀ ਖ਼ੂਨ ਅਪਣਾ,
ਰਿਜ਼ਕ ਵੀ ਆਪੇ ਕਮਾਉਂਦੀ, ਸੁਪਨਿਆਂ ਦੇ ਦੇਸ਼ ਅੰਦਰ।

ਨੱਚਦੇ ਹਾਂ ਰੋਜ਼ ਰਹਿੰਦੇ, ਏਸ ਦੀ ਹਰ ਤਾਲ ਉੱਤੇ,
ਇਹ ਤਮ੍ਹਾਂ ਰਹਿੰਦੀ ਨਚਾਉਂਦੀ, ਸੁਪਨਿਆਂ ਦੇ ਦੇਸ਼ ਅੰਦਰ।

ਲੰਚ ਡਿੱਨਰ 'ਰਾਜ' ਏਥੇ, ਆਪ ਹੀ ਪੈਂਦਾ ਬਣਾਉਣਾ,
ਮਾਂ ਨਹੀਂ ਰੋਟੀ ਪਕਾਉਂਦੀ, ਸੁਪਨਿਆਂ ਦੇ ਦੇਸ਼ ਅੰਦਰ।
•

ਜਦ ਅਸੀਂ ਪਰਦੇਸ ਦੀ ਧਰਤੀ ਕਦਮ ਟਿਕਾ ਲਿਆ।
ਜਿਉਂ ਕਿਸੇ ਨੇ ਫੜ ਪਰਿੰਦਾ, ਪਿੰਜਰੇ ਵਿਚ ਪਾ ਲਿਆ।

ਅਕਸ ਲੱਗਾ ਕੰਬਦਾ, ਆਇਨਾ ਸਮੇਂ ਦਾ ਦੇਖ ਕੇ,
ਸ਼ੀਸ਼ਿਆਂ ਦੇ ਦੇਸ ਵਾਲਾ, ਫੜ ਮੁਸਾਫਿਰ ਰਾਹ ਲਿਆ।

ਖੈਰ ਪਾਉਣੇ ਦੀ ਬਜਾਏ, ਖੈਰ ਖੋਂਹਦੇ ਜਿਸ ਨਗਰ,
ਜੋਗੀਆਂ ਉਹ ਸ਼ਹਿਰ ਛਡਿਆ, ਹੋਰ ਸ਼ਹਿਰ ਵਸਾ ਲਿਆ।

ਖੰਡ ਦੇ ਕਿਣਕੇ ਦੇ ਉੱਤੇ ਕੀੜੀਆਂ ਦੀ ਡਾਰ ਸੀ,
ਮੱਖੀਆਂ ਨੇ ਆਣ ਉੱਤੋਂ, ਹੋਰ ਘੇਰਾ ਪਾ ਲਿਆ।

ਫਿਰ ਬਿਗਾਨਾ ਹੱਥ ਸਾਨੂੰ ਪੈ ਗਿਆ ਸੀ ਥੰਮਣਾ,
ਆਪਣੇ ਲੋਕਾਂ ਜਦੋਂ ਅਪਣਾ ਹੀ ਹੱਥ ਛੁੜਾ ਲਿਆ।

ਉਹ ਛਤੀਰੀ ਚੀਰ ਕੇ, ਬਾਲੇ ਬਣਾਏ ਜਾ ਰਹੇ,
ਆਪਣੇ ਹਿੱਸੇ ਦਾ ਜਿਸ ਨੇ, ਭਾਰ ਸੀ ਹੰਢਾ ਲਿਆ।

ਲੋਅ ਵਿਹੂਣੇ ਦੀਵਿਆਂ ਨੂੰ, ਦੇਹ ਬਨੇਰਾ ਆਪਣਾ,
ਤੇਲ ਪਾਇਆ ਜੇਸ ਨੇ, ਘਰ ਆਪਣਾ ਰੁਸ਼ਨਾ ਲਿਆ।

ਚੋਂਦੀਆਂ ਛੱਤਾਂ ਤੋਂ ਕੀਤਾ ਹੈ ਜ਼ਕੂਜ਼ੀ ਤਕ ਸਫ਼ਰ,
ਰਾਜ਼ ਲੱਭੀ ਨਾ ਖੁਸ਼ੀ, ਦਾਅ ਜ਼ਿੰਦਗੀ ਦਾ ਲਾ ਲਿਆ।
•





ਬੋਲੇ ਜਦੋਂ ਬਬੀਹਾ, ਸਾਵਣ ਦੀ ਆਸ ਲਾ ਕੇ।
ਕੀੜੀ ਦੇ ਦਿਲ ਤੋਂ ਪੁੱਛੋ, ਬੈਠੀ ਜੋ ਭੌਣ ਪਾ ਕੇ।

ਕੁਛ ਲੋਕ ਖੁਸ਼ ਬਥੇਰੇ, ਇਕ ਮਹਿਲ ਉੱਸਰਦਾ ਹੈ,
ਉੱਚੀ ਬਣੇਂ ਇਮਾਰਤ, ਸੌ ਝੁੱਗੀਆਂ ਨੂੰ ਢਾਹ ਕੇ।

ਨਜ਼ਰਾਂ ਉਠਾ ਕੇ ਦੇਖੋ, ਉਡਦੇ ਜ਼ਹਾਜ ਦਿਸਦੇ,
ਸਹਿਮੇਂ ਲੁਕੇ ਨੇ ਪੰਛੀ, ਹੁਣ ਆਲ੍ਹਣੇ ’ਚ ਜਾ ਕੇ।

ਸੜਕਾਂ ਦੇ ਬਲਬ ਯਾਰੋ, ਕਾਹਦਾ ਗੁਮਾਨ ਕਰਦੇ,
ਜੁਗਨੂੰ ਵੀ ਰਾਹ ਦਿਖਾਉਂਦੇ, ਨ੍ਹੇਰੇ ’ਚ ਜਗਮਗਾ ਕੇ।

ਇਸ ਘਰ ’ਚ ਜਨਮਿਆਂ ਹੈ, ਇਨਸਾਨ ਇਕ ਜੇਕਰ,
ਉਸ ਘਰ ’ਚੋਂ ਤੁਰ ਗਿਆ ਹੈ, ਇਕ ਜ਼ਿੰਦਗੀ ਬਿਤਾ ਕੇ।

ਉਸ ਬਾਪ ਨੂੰ ਅਜੇ ਵੀ, ਦੋ ਪੁੱਤਰਾਂ ਦੀ ਚਾਹਨਾਂ,
ਭੋਂ ਜੇਸ ਨੂੰ ਮਿਲੀ ਹੈ, ਵੀਰਾਂ ਤੋਂ ਲੜ ਲੜਾ ਕੇ।

ਪਾਣੀ ਨ ਪੀਣ ਨੂੰ ਵੀ, ਜਿਹਨਾਂ ਦੇ ਰਾਜ ਅੰਦਰ,
ਸ਼ਾਮਾਂ ਨੂੰ ਉਹ ਗਲਾਸੀ, ਫੜਦੇ ਨੇ ਜਾਮ ਪਾ ਕੇ।

ਕਬਰਾਂ ਤੇ ਲੋਕ ਲੜਦੇ, ਦੀਵੇ ਜਗਾਉਣ ਖਾਤਰ,
ਮਿੱਟੀ ਦੇ ਹੇਠ ਮਿੱਟੀ, ਹੱਸਦੀ ਹੈ ਖਿੜ ਖਿੜਾ ਕੇ।

ਭਾਈ ਨੇ ਗੁਰਦੁਆਰੇ, ਪਾਠਾਂ ਦੀ ਸੇਲ ਲਾਈ,
ਆਪਾਂ ਤਾਂ ਪਾਪ ਅਪਣੇ, ਮਾਰੇ ਪਰ੍ਹਾਂ ਲੁਹਾ ਕੇ।

ਮੁੜ੍ਹਕੇ 'ਚੋਂ ਹੀ ਮਿਲੇਗੀ, ਹਰ ਮਰਜ਼ ਦੀ ਦਵਾਈ,
ਖਰਚੇ ਬਗੈਰ ਮਿਲਦੀ, ਜਾਂਦੀ ਅਸਰ ਦਿਖਾ ਕੇ।

•



ਏਸ ਘਰ 'ਚੋਂ ਲੋੜ ਹੈ, ਕੁਛ ਓਸ ਘਰ 'ਚੋਂ ਲੋੜ ਹੈ।
ਸੂਲੀਆਂ ਤੇ ਚੜਨ ਵਾਲੇ, ਬੰਦਿਆਂ ਦੀ ਥੋੜ ਹੈ।

ਟੁੱਟਦਾ ਹਾਲੇ ਨ ਮੈਂ, ਚੋਟਾਂ ਤਾਂ ਪੈਣ ਜਮੀਰ ਤੇ,
ਦੋਸਤੋ ਜੇ ਟੁੱਟਿਆ ਤਾਂ, ਫਿਰ ਨ ਪੈਣਾ ਜੋੜ ਹੈ।

ਇਕ ਨਸ਼ੇ ਦੀ ਬੂੰਦ ਖਾਤਰ ਕਤਲ ਵੀ ਹੁਣ ਹੋ ਰਹੇ,
ਕੇਸ ਨੇ ਚੁੰਬੇੜਿਆ ਇਹ, ਮੁਆਸ਼ਰੇ ਨੂੰ ਕੋਹੜ ਹੈ।

ਪਿਸ ਰਹੇ ਹਾਂ, ਪਿਸਦਿਆਂ ਹੀ ਜ਼ਿੰਦਗੀ ਹੈ ਬੀਤਣੀ,
ਚੱਕੀਆਂ ਦੇ ਰੂਪ ਵਿਚ ਇਹ, ਤਾਕਤਾਂ ਦੀ ਹੋੜ ਹੈ।

ਅਸਥੀਆਂ ਵੀ ਸਾੜਨੇ ਦਾ, ਹੈ ਇਰਾਦਾ ਅੱਗ ਦਾ,
ਸਾਰਿਆਂ ਰਾਹਾਂ 'ਚ ਮਚਦੀ, ਬਲ਼ ਰਿਹਾ ਹਰ ਮੋੜ ਹੈ।

'ਰਾਜ' ਲੋਕਾਂ ਵਾਂਗਰਾਂ, ਤੇਰਾ ਮਸੀਹਾ ਬੇਈਮਾਨ,
ਮਨ ਹੈ ਮੈਲਾ ਓਸ ਦਾ, ਤੇ ਆਤਮਾ ਵਿਚ ਖੋੜ ਹੈ।

•

□

ਮੇਰਾ ਇਹ ਸੰਸਾਰ ਨਹੀਂ ਹੁਣ
ਖ਼ੁਦ ਤੇ ਵੀ ਇਤਬਾਰ ਨਹੀਂ ਹੁਣ

ਅਪਣਾ ਹੀ ਕੋਈ ਜਿੱਤ ਗਿਆ,
ਹੁੰਦੀ ਝੱਲ ਇਹ ਹਾਰ ਨਹੀਂ ਹੁਣ

ਖਿਸਕਾਂ ਨੇੜੇ, ਮਹਿਕ ਤਿਹਾਇਆ,
ਫੁੱਲ ਦੁਆਲੇ ਖਾਰ ਨਹੀਂ ਹੁਣ

ਫਿਰ ਨਾ ਕਬਰ ਤੇ ਦੀਵਾ ਬਾਲੀਂ,
ਜੇ ਗਲ਼ ਲਾਉਣਾ ਯਾਰ ਨਹੀਂ ਹੁਣ।

ਹੱਥ ਰਕੀਬ ਨੇ ਫੜਿਆ ਤੇਰਾ,
ਮੇਰਾ ਤਾਂ ਅਧਿਕਾਰ ਨਹੀਂ ਹੁਣ

ਸੋਚ ਸਮਝ ਕੇ ਹੋਵੀਂ ਨੇੜੇ,
ਫਿਰ ਸੁਣਨਾ ਇਨਕਾਰ ਨਹੀਂ ਹੁਣ

ਫੇਰ ਤਬੀਬਾ ਮੁੜ ਕੇ ਆਵੀਂ,
ਘਰ ਵਿਚ ਇਸ਼ਕ ਬਿਮਾਰ ਨਹੀਂ ਹੁਣ

ਜਿਸ ਦਾ ਰਾਜ ਭਲਾ ਤੂੰ ਕਰਿਆ,
ਉਹ ਤਾਂ ਸ਼ੁਕਰ-ਗੁਜ਼ਾਰ ਨਹੀਂ ਹੁਣ
•



□

ਇਹ ਲੋਹੇ ਦੀ ਇਮਾਰਤ ਹੈ, ਗਿਰਾਉਣੀ ਤਾਂ ਨਹੀਂ ਸੌਖੀ।
ਇਵੇਂ ਇਕ ਕੌਮ ਦੁਨੀਆਂ 'ਚੋਂ, ਮਿਟਾਉਣੀ ਤਾਂ ਨਹੀਂ ਸੌਖੀ।

ਕਿਸੇ ਦਾ ਦਾਲ਼ ਫੁਲਕਾ ਚੱਲਦਾ ਹੈ ਏਸ ਦੇ ਉੱਤੇ,
ਕੁਲਤ ਲੱਗੀ ਲੜਾਉਣੇ ਦੀ, ਹਟਾਉਣੀ ਤਾਂ ਨਹੀਂ ਸੌਖੀ।

ਨਹੀ ਖ਼ਤਰਾ ਮਛੇਰੇ ਤੋਂ, ਇਹ ਦੱਸੋ ਪੂੰਗ ਨੂੰ ਕੋਈ,
ਝਪਟ ਮੱਛੀ ਦੀ ਮੱਛੀ ਤੋਂ, ਬਚਾਉਣੀ ਤਾਂ ਨਹੀਂ ਸੌਖੀ।

ਅਚਾਨਕ ਧਰਮ ਦੇ ਨਾਂ ਤੇ, ਸਮਝ ਲੋਕਾਂ ਦੀ ਮਰ ਜਾਂਦੀ,
ਬੜੀ ਆਦਤ ਪੁਰਾਣੀ ਹੈ, ਛੁਡਾਉਣੀ ਤਾਂ ਨਹੀਂ ਸੌਖੀ।

ਵਪਾਰੀ ਜੋ ਮੁਨਾਫੇ ਦੇ, ਕਦੇ ਘਾਟਾ ਨਹੀਂ ਖਾਂਦੇ,
ਇਜ਼ਾਰੇਦਾਰ ਦੀ ਚੌਧਰ, ਮੁਕਾਉਣੀ ਤਾਂ ਨਹੀਂ ਸੌਖੀ।

ਬੇਦੋਸ਼ੇ ਖ਼ੂਨ ਦੀ ਸ਼ਿਆਹੀ, ਕਹਾਣੀ ਤਖ਼ਤ ਦੀ ਲਿਖਦੀ,
ਕਸਕ ਫਿਰ ਝੱਲਣੀ ਪੈਣੀ, ਦਬਾਉਣੀ ਤਾਂ ਨਹੀਂ ਸੌਖੀ।

ਬਣੇ ਰਾਖੇ ਜੋ ਮਜ਼ਬਾਂ ਦੇ, ਪਵੇ ਜਦ ਭੀੜ, ਲੁਕ ਜਾਂਦੇ,
ਕਹੀ ਜੋ ਓਪਰੇ ਮਨ ਤੋਂ, ਨਿਭਾਉਣੀ ਤਾਂ ਨਹੀਂ ਸੌਖੀ।

ਮਨਾਂ ਦੀ ਕੰਧ ਦੇ ਉੱਤੇ, ਉਕਰ ਤਸਵੀਰ ਜੋ ਜਾਂਦੀ,
ਕਰੋ ਲੱਖਾਂ ਯਤਨ ਵੀ 'ਰਾਜ' ਢਾਹੁਣੀ ਤਾਂ ਨਹੀਂ ਸੌਖੀ।
•

ਇਰਾਦੇ ਤਾਂ ਅਪਣੇ ਉਜਾਗਰ ਕਰੋ ਹੁਣ।
ਅਸਾਨੂੰ ਵੀ ਅਪਣੇ ਬਰਾਬਰ ਕਰੋ ਹੁਣ।

ਬਿਗਾਨੇ ਬਣਾਉਂਦੇ ਹੋ ਸਾਨੂੰ ਤੁਸੀਂ ਕਿਉਂ,
ਨ ਅਪਣੇ ਵਤਨ ਹੀ ਮਹਾਜ਼ਰ ਕਰੋ ਹੁਣ।

ਗ਼ਮਾਂ ਦੀ ਤਿਜ਼ਾਰਤ ਕਰੀ ਹੈ ਬਥੇਰੀ,
ਕਿ ਖੁਸ਼ੀਆਂ ਦੇ ਸਾਨੂੰ ਸੁਦਾਗਰ ਕਰੋ ਹੁਣ।

ਛੁਡਾ ਬੱਦਲਾਂ ਤੋਂ ਇਹ ਕਣੀਆਂ ਨੂੰ ਲੋਕੋ,
ਕਿ ਸਾਗਰ 'ਚ ਇਹਨਾਂ ਨੂੰ ਸਾਗਰ ਕਰੋ ਹੁਣ।

ਮੜ੍ਹਾਓ ਖ਼ੁਸ਼ੀ ਨਾਲ ਸੋਨੇ 'ਚ ਖ਼ੁਦ ਨੂੰ,
ਅਸਾਡੇ ਵੀ ਪੈਰਾਂ ਤੇ ਚਾਦਰ ਕਰੋ ਹੁਣ।

ਅਸੀਂ ਸੱਚ ਦੇ ਨਾਲ ਅੱਖਾਂ ਮਿਲਾਈਆਂ,
ਬੁਲਾ ਝੂਠਿਆਂ ਨੂੰ ਵੀ ਹਾਜ਼ਰ ਕਰੋ ਹੁਣ।

ਤੁਸੀਂ ਹੱਕ ਸਾਨੂੰ ਦਵੋ ਬੰਦਿਆਂ ਦੇ,
ਕਿਹਾ ਕਦ ਕਿ ਸਾਨੂੰ ਵੀ ਕਾਦਰ ਕਰੋ ਹੁਣ।

ਅਸਾਡੀ ਤਾਂ ਇੱਛਾ ਹੈ, ਰਲ਼ ਮਿਲ਼ ਕੇ ਰਹਿਣਾ,
ਸਤਾ ਕੇ ਨ ਆਪੇ ਹੀ ਨਾਬਰ ਕਰੋ ਹੁਣ।
•



ਬੇਖ਼ੁਦੀ 'ਚ ਸਦਾ ਗੁਣਗੁਣਾਉਂਦਾ ਰਹੇ ਦਿਲ।
ਨਿਤ ਨਵੇਂ ਹੀ ਸੁਪਨੇ ਸਜਾਉਂਦਾ ਰਹੇ ਦਿਲ।

ਕਿਉਂ ਰਹੇ ਗਿਣਦਾ ਅਪਣੀਆਂ ਧੜਕਣਾਂ ਨੂੰ,
ਉਲਝਣਾਂ ਵਿਚ ਖ਼ੁਦ ਨੂੰ ਫਸਾਉਂਦਾ ਰਹੇ ਦਿਲ।

ਇਸ਼ਕ ਦੀ ਹੈ ਚੜਦੀ ਜੋ ਇਸ ਨੂੰ ਖ਼ੁਮਾਰੀ,
ਵਾਂਗ ਰਿੰਦਾਂ ਦੇ ਡਗਮਗਾਉਂਦਾ ਰਹੇ ਦਿਲ।

ਦੇ ਗਿਆ ਕੋਈ ਇਸ ਨੂੰ 'ਪਰ' ਕੀ ਉਧਾਰੇ,
ਉਡ ਕੇ ਅੰਬਰ ਦੀ ਬਾਤ ਪਾਉਂਦਾ ਰਹੇ ਦਿਲ।

ਖਿੜ-ਖਿੜਾਵੇ ਇਹ ਸੁਣ ਕੇ ਵਸਲ ਦੇ ਫ਼ਸਾਨੇ,
ਪਰ ਜੁਦਾਈ ਤੋਂ ਮੂੰਹ ਛੁਪਾਉਂਦਾ ਰਹੇ ਦਿਲ।

ਬਣ ਸ਼ੁਦਾਈ, ਮੂਰਖ, ਤੇ ਪਾਗਲ,ਦਿਵਾਨਾ,
ਰਾਜ਼ ਮਹਿਰਮ ਦੇ ਗੀਤ ਗਾਉਂਦਾ ਰਹੇ ਦਿਲ
•

ਦਿਲ ਤਾਂ ਨਹੀਂ ਸੀ ਫਿਰ ਵੀ ਅਸੀਂ ਮੁਸਕੁਰਾ ਲਿਆ।
ਖ਼ੁਦ ਹੀ ਉਠਾ ਕੇ ਜ਼ਹਿਰ ਜਿਵੇਂ ਮੂੰਹ ਨੂੰ ਲਾ ਲਿਆ।

ਕੁਛ ਇਸ ਤਰ੍ਹਾਂ ਨਦੀ ਹੈ ਸਮੁੰਦਰ ਦੀ ਹੇਜਲੀ,
ਉਸ ਪਰਬਤਾਂ ਨੂੰ ਚੀਰ ਕੇ ਰਸਤਾ ਬਣਾ ਲਿਆ।

ਉਸ ਬੀਜਿਆ ਸੀ ਬੀਜ ਤੇ ਪਰਦੇਸ ਤੁਰ ਗਿਆ,
ਮੁੜਿਆ ਤਾਂ ਬੀਅ ਨੇ ਰੁੱਖ ਦਾ ਹੁਲੀਆ ਵਟਾ ਲਿਆ।

ਇਹ ਜੇਸ ਦੀ ਸਕੀਮ ਸੀ ਮਸਤਕ 'ਚ ਹਾਦਸਾ,
ਉਸ ਨੇ ਹੀ ਨਿਹੁੰ ਦੀ ਲਾਸ਼ ਤੇ ਸੁਪਨਾ ਉਗਾ ਲਿਆ।

ਕਰਦੇ ਪਏ ਸੀ ਬਾਂਸ ਤਾਂ ਇਕ ਦੂਸਰੇ ਨੂੰ ਲਾਡ,
ਪਰ ਭੋਲਿਆਂ ਨੇ ਲਾਡ 'ਚ ਜੰਗਲ਼ ਮਚਾ ਲਿਆ।

ਜਿਸ ਨਾਰ ਦੀ ਤਲੀ ਨੇ ਹਿਨਾ ਨੂੰ ਉਡੀਕਿਆ,
ਉਸ ਰੀਝ ਦਾ ਹੀ ਖ਼ੂਨ ਤਲੀ ਤੇ ਸਜਾ ਲਿਆ।

ਪਰਦੇਸ ਵਿਚ ਆਣ ਕੇ ਉਹ ਘਰ ਤਲਾਸ਼ਦਾ,
ਘਰ ਲੱਭਣਾ ਕੀ 'ਰਾਜ' ਨੇ ਖ਼ੁਦ ਨੂੰ ਗਵਾ ਲਿਆ।

•





ਜੀ ਭਰ ਕੇ ਤੂੰ ਤਕਰਾਰ ਕਰ, ਸਾਨੂੰ ਤਾਂ ਅਪਣੀ ਹੋਸ਼ ਨਈਂ।
ਦੁਤਕਾਰ ਚਾਹੇ ਪਿਆਰ ਕਰ, ਸਾਨੂੰ ਤਾਂ ਅਪਣੀ ਹੋਸ਼ ਨਈਂ।

ਮਹੁਰਾ ਲਿਆ ਦੇ ਆਪ ਹੀ, ਸਾਨੂੰ ਕਰਾਉਣਾ ਚੁੱਪ ਜੇ,
ਸਾਡਾ ਇਹੋ ਉਪਚਾਰ ਕਰ, ਸਾਨੂੰ ਤਾਂ ਅਪਣੀ ਹੋਸ਼ ਨਈਂ।

ਵਰ੍ਹਦਾ ਰਹੇਂ ਐ ਮੇਘਲੇ, ਹਰ ਵਾਰ ਇਕੋ ਸ਼ਹਿਰ ਤੇ
ਤੂੰ ਮੰਨ, ਜਾਂ ਇਨਕਾਰ ਕਰ, ਸਾਨੂੰ ਤਾਂ ਅਪਣੀ ਹੋਸ਼ ਨਈਂ।

ਐ! ਮਹਿਲ ਤੇਰੇ ਖ਼ਾਬ ਤਾਂ, ਗੁਰਬਤ ਹਮੇਸ਼ਾ ਦੇਖਦੀ,
ਤੂੰ ਤੋੜ ਜਾਂ ਸਾਕਾਰ ਕਰ, ਸਾਨੂੰ ਤਾਂ ਅਪਣੀ ਹੋਸ਼ ਨਈਂ।

ਸਾਡੇ ਸਿਦਕ ਦੇ ਕਾਤਲਾ, ਜੇ ਲੁੱਟਣਾ ਤਾਂ ਲੁੱਟ ਲੈ,
ਝੂਠੇ ਨ ਹੁਣ ਉਪਕਾਰ, ਸਾਨੂੰ ਤਾਂ ਅਪਣੀ ਹੋਸ਼ ਨਈਂ।

ਸਾਡੀ ਗਲੀ ਵਿਚ ਰੋਜ਼ ਹੀ, ਗੇੜੇ ਤੂੰ ਏਨੇ ਮਾਰਦੈਂ,
ਇਕ ਵਾਰ ਤਾਂ ਇਜ਼ਹਾਰ ਕਰ, ਸਾਨੂੰ ਤਾਂ ਅਪਣੀ ਹੋਸ਼ ਨਈਂ।

ਇਹ ਵਕਤ ਨਾ ਬਣਦਾ ਸਕਾ, ਏਥੇ ਕਿਸੇ ਦਾ ਦੋਸਤਾ,
ਤੂੰ ਵਕਤ ਦਾ ਸਤਕਾਰ ਕਰ, ਸਾਨੂੰ ਤਾਂ ਅਪਣੀ ਹੋਸ਼ ਨਈਂ

ਤਜ ਕੇ ਗਮਾਂ ਨੂੰ 'ਰਾਜ' ਤੂੰ, ਬਸ ਹਾਸਿਆਂ ਦੇ ਨਾਲ ਹੀ,
ਇਹ ਜ਼ਿੰਦਗੀ ਸ਼ਰਸਾਰ ਕਰ, ਸਾਨੂੰ ਤਾਂ ਅਪਣੀ ਹੋਸ਼ ਨਈਂ।

•

ਕਿਤੇ ਢੂੰਡੇ ਨਹੀਂ ਮਿਲਦੀ, ਸ਼ਰਾਫਤ ਬਾਂਵਰੀ ਹੋਈ।
ਪਤਾ ਨਈਂ ਰੋਜ਼ ਕਿਉਂ ਆਉਂਦੀ, ਕਿਆਮਤ ਬਾਂਵਰੀ ਹੋਈ।

ਦਿਨੇ ਹਾਕਮ ਤੋਂ ਬਾਗੀ ਜੋ, ਉਹ ਰਾਤੀਂ ਹੇਜਲੇ ਹੁੰਦੇ,
ਇਨਾਂ ਲੋਕਾਂ ਤੋਂ ਰੋਂਦੀ ਹੈ, ਬਗਾਵਤ ਬਾਂਵਰੀ ਹੋਈ।

ਜਹਾਲਤ ਤਖ਼ਤ ਤੇ ਬੈਠੀ, ਸੁਣਾਉਂਦੀ ਹੁਕਮ ਰਹਿੰਦੀ ਹੈ,
ਨਿਵਾ ਕੇ ਸਿਰ ਖੜੋਤੀ ਹੈ, ਲਿਆਕਤ ਬਾਂਵਰੀ ਹੋਈ।

ਵਤਨ ’ਚੋਂ ਠੋਕਰਾਂ ਖਾ ਕੇ, ਮਦਦ ਪਰਦੇਸ ’ਚੋਂ ਲੱਭੇ,
ਫਕੀਰਾਂ ਵਾਂਗ ਫਿਰਦੀ ਹੈ, ਵਿਰਾਸਤ ਬਾਂਵਰੀ ਹੋਈ।

ਦਫਾ ਝੂਠੀ ਸਦਾ ਲਗਦੀ, ਵਕਾਲਤ ਝੂਠ ਹੀ ਕਰਦਾ,
ਸੁਣਾਉਂਦੀ ਫੈਸਲੇ ਝੂਠੇ, ਅਦਾਲਤ ਬਾਂਵਰੀ ਹੋਈ।

ਗਈ ਆਜ਼ਾਦ ਹੋਣੇ ਨੂੰ, ਗੁਲਾਮੀ ਆ ਗਈ ਪਿੱਛੇ,
ਫਿਰੇ ਲੁਕਦੀ ਲੁਕਾਉਂਦੀ ਹੁਣ, ਨਜ਼ਾਕਤ ਬਾਂਵਰੀ ਹੋਈ।

ਰਕੀਬਾਂ ਯਾਰ ਖੋਹ ਕੇ ਵੀ, ਅਜੇ ਤਕ ਦੁਸ਼ਮਣੀ ਰੱਖੀ,
ਸਮੇਂ ਦੇ ਰੰਗ ਵਿਚ ਰੰਗੀ, ਰਕਾਬਤ ਬਾਂਵਰੀ ਹੋਈ।

ਕਰੀ ਕੀ ਓਸ ਨੇ ਐਸੀ ਸਿਆਸਤ, ਮੰਤਰੀ ਬਣ ਕੇ,
ਰਲੀ ਫਿਰ ਨਾਲ ਹੀ ਉਸ ਦੇ, ਵਜ਼ਾਰਤ ਬਾਂਵਰੀ ਹੋਈ।



ਨਿਰਾ ਸ਼ਿਅਰਾਂ ਨੂੰ ਪੜਦੇ ਹੋ, ਕਦੀ ਸਮਝੋ ਇਸ਼ਾਰੇ ਵੀ,
ਗ਼ਜ਼ਲ ’ਚੋਂ ਬੋਲ ਉੱਠੀ ਸੀ, ਇਬਾਰਤ ਬਾਂਵਰੀ ਹੋਈ।

ਜਿਨ੍ਹਾਂ ਦੀ ਜ਼ੇਬ ਭਾਰੀ ਹੈ, ਉਨ੍ਹਾਂ ਦੇ ਰੱਬ ਹੈ ਨੇੜੇ,
ਵਿਕੇਂਦੀ ਮੁੱਲ ਹੈ ਜਦ ਤੋਂ, ਇਬਾਦਤ ਬਾਂਵਰੀ ਹੋਈ।
•

□

ਪੋਟਿਆਂ ਦੀ ਛੋਹ ਨੇ ਭਰਨਾ, ਸਾਜ ਅੰਦਰ ਰਾਗ, ਜਿੰਦੇ।
ਬਣ ਸੁਹਾਗਣ ਖੱਟਿਆ ਕੀ, ਜਦ ਨ ਕੋਲ ਸੁਹਾਗ, ਜਿੰਦੇ।

ਕੌਣ ਇਸ ਦੀ ਸੂਹ ਕੱਢੇ, ਕੌਣ ਇਸ ਨੂੰ ਕੀਲ ਸਕਦਾ,
ਅੱਤ ਜ਼ਹਿਰੀ ਹਿਜ਼ਰ ਵਾਲਾ, ਡੰਗਦਾ ਹੈ ਨਾਗ, ਜਿੰਦੇ।

ਕੱਲਿਆਂ ਦੀ ਜ਼ਿੰਦਗੀ ਵੀ, ਦਸ ਭਲਾ ਕੀ ਜ਼ਿੰਦਗੀ ਹੈ,
ਛੇੜਦਾ ਕੋਇਲ ਨੂੰ ਬੈਠਾ, ਰੁੱਖ ਉੱਤੇ ਕਾਗ, ਜਿੰਦੇ।

ਰੱਖ ਮੱਠੇ ਸੇਕ ਉੱਪਰ, ਤੁਰ ਗਿਓਂ ਪਰਦੇਸ ਵੇ ਤੂੰ,
ਕੜ੍ਹ ਗਈ ਮੇਰੀ ਹਯਾਤੀ, ਲਾ ਮਿਲਣ ਦਾ ਜਾਗ, ਜਿੰਦੇ।

ਮਾਰਦੇ ਗੇੜੇ ਤੇ ਗੇੜਾ, ਸੈਂਕੜੇ ਭੌਰੇ ਚਮਨ ਵਿਚ,
ਇਹ ਕਮਲ ਚਿੱਕੜ ਦੇ ਵਿਚ ਵੀ ਹੈ ਅਜੇ ਬੇਦਾਗ, ਜਿੰਦੇ।

ਉਹ ਬਹਾਰਾਂ ਬੀਤ ਕੇ ਵੀ, ਜਾਂਦੀਆਂ ਨਾ ਚੇਤਨਾ 'ਚੋਂ,
ਜਦ ਕਲੀ ਦੇ ਹੀ ਖਿਲਣ ਤੇ, ਨੱਚਿਆ ਸੀ ਬਾਗ, ਜਿੰਦੇ।

ਨਾ ਕਿਸੇ ਨੇ ਫੂਕ ਮਾਰੀ, ਨਾ ਹਵਾ ਦਾ ਦੋਸ਼ ਕੋਈ,
ਕਤਲ ਮੈਥੋਂ ਹੋ ਗਿਆ, ਹੌਕੇ ਦੇ ਨਾਲ ਚਿਰਾਗ, ਜਿੰਦੇ

ਰਾਜ ਤੇਰੇ ਨਾਲ ਲਾ ਕੇ, ਰਹਿ ਗਿਆ ਤੇਰੇ ਹੀ ਜੋਗਾ,
ਥਾਂ ਕੁਥਾਂ ਤੇ ਲੱਗਦਾ ਨਾ, ਦਿਲ ਮੇਰਾ ਬੇਲਾਗ, ਜਿੰਦੇ।

•



□

ਆਣ ਕੇ ਸੂਰਜ ਨੇ ਮੁੜ ਕੇ, ਦਿਨ ਚੜ੍ਹਾਉਣਾ ਹੈ ਸਵੇਰੇ।
ਏਸ ਨੇ ਫਿਰ ਰਹਿਮਤਾਂ ਦਾ, ਮੀਂਹ ਵਰਾਉਣਾ ਹੈ ਸਵੇਰੇ

ਆ ਗਿਆ ਹੈ ਮਾਂ ਦੀਆਂ ਅੱਖਾਂ 'ਚ ਦੇਖੋ ਨੂਰ ਕਿੰਨਾਂ,
ਪੁੱਤ ਨੇ ਪਰਦੇਸ ਵਿਚੋਂ, ਦੇਸ ਆਉਣਾ ਹੈ ਸਵੇਰੇ।

ਪਾਪ ਧੋਣੇ ਦਾ ਤਰੀਕਾ, ਖ਼ੂਬ ਲੋਕਾਂ ਕੱਢਿਆ ਏ,
ਉੱਠ ਤੜਕੇ ਮੂੰ-ਹਨੇਰੇ, ਰੋਜ਼ ਨ੍ਹੌਣਾ ਹੈ ਸਵੇਰੇ।

ਅੱਜ ਵੀ ਤਾਰੀਕ ਭੁਗਤੀ, ਜੇਸ ਨੇ ਛੱਡ ਕੰਮ ਧੰਦੇ,
ਜਾ ਕਚਹਿਰੀ ਫੇਰ ਉਸ ਨੇ, ਮੂੰਹ ਦਿਖਾਉਣਾ ਹੈ ਸਵੇਰੇ।

ਦੋਸਤਾਂ ਦੇ ਨਾਲ ਪੀਂਦਾ, ਜੋ ਗਿਆਨੀ ਗੁੱਟ ਹੋਇਆ,
ਗੁਰਦੁਆਰੇ ਪਾਠ ਵੀ, ਉਸ ਨੇ ਸੁਣਾਉਣਾ ਹੈ ਸਵੇਰੇ।

ਸੋਚਦਾ ਬਾਬਲ ਵਿਚਾਰਾ, ਦੇਖ ਧੀਆਂ ਸੁੱਤੀਆਂ ਨੂੰ,
ਬਾਜ਼ ਤੋਂ ਚਿੜੀਆਂ ਨੂ ਕਿੱਦਾਂ, ਮੈਂ ਬਚਾਉਣਾ ਹੈ ਸਵੇਰੇ।

ਆ ਰਹੇ ਕਲ ਮੰਤਰੀ ਜੀ, ਹਾਜ਼ਰੀ ਸਾਰੇ ਲਵਾਇਓ,
ਗਲ਼ ਪਿਆ ਜੋ ਢੋਲ ਅਪਣੇ, ਫਿਰ ਵਜਾਉਣਾ ਹੈ ਸਵੇਰੇ।

ਹਰ ਦੁਸਹਿਰੇ ਵਾਂਗਰਾਂ ਹੀ, ਕੱਲ ਨੂੰ ਹੈ ਫਿਰ ਦੁਸਹਿਰਾ,
ਰਾਵਣਾਂ ਨੇ ਆਪ ਰਾਵਣ, ਫਿਰ ਜਲਾਉਣਾ ਹੈ ਸਵੇਰੇ।

ਅੱਜ ਭੋਰਾ ਖਾਣ ਜੋਗੀ, ਮਿਲ ਗਈ ਹੈ 'ਰਾਜ' ਤੈਨੂੰ,
ਕੱਲ ਨੂੰ ਤਰਲਾ ਕਿਸੇ ਦਾ, ਫੇਰ ਪਾਉਣਾ ਹੈ ਸਵੇਰੇ।

•

□

ਦਿਲ ਹੱਥੋਂ ਮਜ਼ਬੂਰ ਅਸੀਂ, ਬਹੁਤ ਨਦਾਨੀ ਕਰ ਬੈਠੇ।
ਅਪਣੇ ਦਿਲ ਦੇ ਦੁਸ਼ਮਣ ਨੂੰ, ਦਿਲ ਦਾ ਜਾਨੀ ਕਰ ਬੈਠੇ।

ਉਸ ਦੇ ਚਿਹਰੇ ਤੇ ਆਈ, ਹਲਕੀ ਇਕ ਮੁਸਕਾਨ ਜਿਹੀ,
ਆਪੇ ਅਪਣੀ ਆਪ ਅਸੀਂ ਜਦ ਕੁਰਬਾਨੀ ਕਰ ਬੈਠੇ।

ਉਹ ਬੇੜੀ ਹੀ ਡੋਬ ਲਈ, ਜਿਸ ਨੇ ਪਾਰ ਲੰਘਾਉਣਾ ਸੀ,
ਆਪੇ ਅਪਣੀ ਉਲਫ਼ਤ ਦੀ, ਖ਼ਤਮ ਨਿਸ਼ਾਨੀ ਕਰ ਬੈਠੇ।

ਖੰਜ਼ਰ ਫੜ ਕੇ ਹੱਥਾਂ ਵਿਚ, ਲੋਕ ਅਸਾਨੂੰ ਟੋਲ ਰਹੇ,
ਯਾਰਾ ਤੇਰੇ ਸ਼ਹਿਰ ਅਸੀਂ, ਇਕ ਮਨਮਾਨੀ ਕਰ ਬੈਠੈ।

ਠੰਡਾ ਹੌਕਾ ਭਰ ਕੇ ਹੀ ਉਸ ਨੇ ਮੁਖੜਾ ਫੇਰ ਲਿਆ,
ਲਾ ਚੁੰਮਣ ਦੀ ਆਸ ਅਸੀਂ ਕੋਲ ਪੇਸ਼ਾਨੀ ਕਰ ਬੈਠੇ।

ਹਾਕਮ ਨੇ ਫਿਰ ਉਹਨਾਂ ਦੇ ਸਾਹ ਤੀਕਰ ਵੀ ਸੂਤ ਲਏ,
ਜੋ ਹਾਕਮ ਦੀ ਮੰਨਣ ਤੋਂ ਆਨਾ-ਕਾਨੀ ਕਰ ਬੈਠੇ।
•



□

ਗਾਫ਼ਿਲ ਤੂੰ ਹੋਂਦ ਅਪਣੀ, ਇਕ ਵਾਰ ਟੋਲ਼ ਦੇਖੀਂ।
ਜਾਹ ਰਸਤਿਆਂ 'ਚ ਰੁਲ਼ਦੇ, ਕੱਖਾਂ ਨੂੰ ਫੋਲ ਦੇਖੀ।

ਇਸ ਮੁਰਦਿਆਂ ਦੀ ਨਗਰੀ, ਕੁਛ ਲੋਕ ਸਹਿਕਦੇ ਨੇ,
ਹਰ ਲਾਸ਼ ਨੂੰ ਹਮੇਸ਼ਾ, ਨਬਜ਼ਾਂ ਟਟੋਲ ਦੇਖੀਂ।

ਸਦੀਆਂ ਤੋਂ ਇਸ ਫਿਜ਼ਾ ਵਿਚ, ਪਰਵਾਜ਼ ਦੀ ਮਨਾਹੀ,
ਚੋਰੀ ਛੁਪੇ ਹੀ ਅਪਣੇ ਖੰਭਾਂ ਨੂੰ ਤੋਲ ਦੇਖੀਂ।

ਪਾਣੀ ਜੋ ਬਰਫ਼ ਹੋਏ, ਹੁਣ ਤੂੰ ਉਬਾਲਣੇ ਨੇ,
ਥੋੜ੍ਹਾ ਕੁ ਖ਼ੂਨ ਅਪਣਾ ਇਹਨਾਂ 'ਚ ਘੋਲ਼ ਦੇਖੀਂ।

ਸੋਨੇ ਦਾ ਪਾ ਕੇ ਚੋਗਾ, ਉਸ ਨੇ ਪੁਕਾਰਨਾ ਹੈ,
ਤੇਰੇ ਜਮੀਰ ਨੂੰ ਉਸ, ਦੇਣਾ ਹੈ ਰੋਲ਼ ਦੇਖੀਂ।

ਪਹਿਲਾਂ ਤੂੰ ਚੰਨ ਉੱਤੋਂ, ਪਰਦਾ ਜ਼ਰਾ ਹਟਾ ਦੇ,
ਫਿਰ ਪੈਂਦੀਆਂ ਜਮੀਂ ਤੇ, ਰਿਸ਼ਮਾਂ ਨਿਰੋਲ ਦੇਖੀਂ।

ਹੋ ਕੇ ਤੂੰ ਵਿਕਣ ਜੋਗਾ, ਖੜ੍ਹ ਜਾ ਬਜ਼ਾਰ ਅੰਦਰ,
ਪਾਉਣਾ ਹੈ ਫਿਰ ਬਥੇਰਾ, ਲੋਕਾਂ ਨੇ ਮੋਲ ਦੇਖੀਂ।

ਸਿਦਕਾਂ ਦਾ ਜਾਮ ਪੀ ਕੇ, ਉਸ ਨੂੰ ਖ਼ੁਮਾਰ ਚੜ੍ਹਿਆ,
ਹੁਣ ਸੂਲੀਆਂ ਦੇ ਸਾਂਹਵੇਂ, ਖੜ੍ਹਦਾ ਅਡੋਲ ਦੇਖੀਂ।

ਜੋ ਪਿੰਜਰੇ 'ਚ ਡੱਕੇ, ਇਹ ਉਡਣਗੇ ਪਰਿੰਦੇ,
ਫਿਰ ਬੈਠ ਕੇ ਬਨੇਰੇ, ਕਰਦੇ ਕਲੋਲ ਦੇਖੀਂ।

ਮੇਰੇ ਹਬੀਬ ਮੈਨੂੰ, ਨਿੱਤ ਘੱਲਦੇ ਸੁਨੇਹੇ,
ਤੂੰ 'ਰਾਜ' ਬੁੱਲ੍ਹ ਸੀਂਅ ਲੈ, ਖੁੱਲੇ ਨ ਪੋਲ ਦੇਖੀਂ।
•



□

ਰੱਬ ਨੇ ਹੈ ਬਖਸ਼ਿਆ, ਉਸਤਾਦ ਮੈਨੂੰ ਬੇਮਿਸਾਲ।
ਸ਼ਾਇਰੀ ਦਾ ਮਿਲ ਗਿਆ, ਅਨੁਵਾਦ ਮੈਨੂੰ ਬੇਮਿਸਾਲ।

ਆ ਪਵੇ ਮੈਨੂੰ ਗਰੀਬੀ, ਸ਼ਬਦ ਥੁੜਦੇ ਜਦ ਮਿਰੇ,
ਸ਼ਬਦ ਸਾਗਰ ਕ੍ਰਿਸ਼ਨ ਤੋਂ, ਇਮਦਾਦ ਮੈਨੂੰ ਬੇਮਿਸਾਲ।

ਸਹਿਜ ਤੇ ਮਿਠਬੋਲੜਾ, ਯਾਰੋ ਸੁਭਾ ਹੈ ਓਸ ਦਾ,
ਬੋਲ ਉਸ ਦੇ ਬਖਸ਼ਦੇ, ਉਨਮਾਦ ਮੈਨੂੰ ਬੇਮਿਸਾਲ।

ਫੂਕ ਦਿੱਤੀ ਇਕ ਨਵੀਂ ਹੀ, ਰੂਹ ਮੇਰੇ ਵਿਚ ਓਸ ਨੇ,
ਆਪਣੇ ਤੇ ਹੋ ਗਿਆ, ਇਤਕਾਦ ਮੈਨੂੰ ਬੇਮਿਸਾਲ।

ਛੰਦ ਨੇ ਪਿੰਗਲ ਦੇ ਕੀ, ਤੇ ਆਖਦੇ ਕਿਸ ਨੂੰ ਅਰੂਜ਼?
ਰੋਜ਼ ਮਿਲਦੇ ਸੁਣਨ ਨੂੰ, ਸੰਵਾਦ ਮੈਨੂੰ ਬੇਮਿਸਾਲ।

ਕ੍ਰਿਸ਼ਨ ਸ਼ਿੰਗਾਰੇ ਗਜ਼ਲ ਨੂੰ, ਨਵ-ਵਿਆਹੀ ਵਾਂਗਰਾਂ,
ਅੱਖਰਾਂ ਦੀ ਚੋਣ ਤੇ, ਵਿਸਮਾਦ ਮੈਨੂੰ ਬੇਮਿਸਾਲ।

ਦੇਣਦਾਰੀ ਹੋ ਗਈ ਹੈ, 'ਰਾਜ' ਮੈਥੇ ਓਸ ਦੀ,
ਮਹਿਫਲਾਂ 'ਚੋਂ ਮਿਲ ਰਹੀ ਹੈ, ਦਾਦ ਮੈਨੂੰ ਬੇਮਿਸਾਲ।

*(ਉਸਤਾਦ ਕ੍ਰਿਸ਼ਨ ਭਨੋਟ ਜੀ ਨੂੰ)*

•••